# ਨਗਰ ਨਿਗਮ ਜਲੰਧਰ

# ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ

# ਮਿਤੀ **13.02.2020**

# ਦੀ ਕਾਰਵਾਈ

(ਮਤਾ ਨੰ: **34-45**)

ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 13.02.2020 ਨੂੰ ਮੇਅਰ ਜੀ ਦੇ ਦਫਤਰ, ਨਗਰ ਨਿਗਮ ਵਿਖੇ, ਉਹਨਾਂ ਦੀ ਪ੍ਰਧਾਨਗੀ ਹੇਠ ਹੋਈ, ਦੀ ਕਾਰਵਾਈ।

ਮੀਟਿੰਗ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

1. ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ ................................ ਚੇਅਰਮੈਨ
2. ਸ਼੍ਰੀ ਦਿਪਰਵਾ ਲਾਕਰਾ, ਆਈ.ਏ.ਐਸ., ਕਮਿਸ਼ਨਰ, ............. ਮੈਂਬਰ
3. ਸ਼੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ, ............. ਮੈਂਬਰ
4. ਸ਼੍ਰੀ ਹਰਸਿਮਰਨਜੀਤ ਸਿੰਘ ਬੰਟੀ, ਡਿਪਟੀ ਮੇਅਰ .................. ਮੈਂਬਰ
5. ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ .............. ਮੈਂਬਰ

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਰੈਗੂਲਰ ਅਜੰਡੇ ਦੀਆਂ ਮੱਦਾਂ ਲੜੀਵਾਰ ਪੜ੍ਹਨ ਦੇ ਆਦੇਸ਼ ਦਿੱਤੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
13.2.2020

**ਮਤਾ ਨੰਬਰ:-** 34
ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਹੋਈ ਮੀਟਿੰਗ ਮਿਤੀ 23.1.2020 ਦੀ ਪੁਸ਼ਟੀ ਬਾਰੇ।

ਨਗਰ ਨਿਗਮ, ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 23.1.2020 ਨੂੰ ਮੇਅਰ ਜੀ ਦੇ ਦਫਤਰ ਨਗਰ ਨਿਗਮ ਜਲੰਧਰ ਵਿਖੇ ਹੋਈ, ਦੀ ਕਾਰਵਾਈ ਜੋ ਕੌਂਸਲਰ/ਮੈਂਬਰ ਸਹਿਬਾਨ ਨੂੰ ਭੇਜੀ ਜਾ ਚੁੱਕੀ ਹੈ, ਪੁਸ਼ਟੀ ਹਿਤ ਪੇਸ਼ ਹੈ।

ਫੈਸਲਾ:

- ਮਿਤੀ 8.1.2020 ਦੀ ਵਿੱਤ ਅਤੇ ਠੇਕਾ ਕਮੇਟੀ ਵਲੋਂ ਫੈਸਲਾ ਹੋਇਆ ਸੀ ਕਿ ਟਰਾਲੀਆਂ ਨੂੰ ਐਨ.ਆਈ.ਟੀ. ਦੀਆਂ ਸ਼ਰਤਾਂ ਅਨੁਸਾਰ ਲਗਾਏ ਗਏ ਜੁਰਮਾਨੇ ਸਬੰਧੀ ਡਾਕਟਰ ਸ੍ਰੀ ਕ੍ਰਿਸਨ, ਸਿਹਤ ਅਫਸਰ ਨੂੰ ਪੁਛਿਆ ਗਿਆ ਤਾਂ ਡਾਕਟਰ ਸ੍ਰੀ ਕ੍ਰਿਸ਼ਨ ਵਲੋਂ ਦੱਸਿਆ ਗਿਆ ਕਿ ਅਜੇ ਤੱਕ ਟਰਾਲੀਆਂ ਦਾ ਕੋਈ ਵੀ ਬਿਲ ਪੇਸ਼ ਨਹੀਂ ਕੀਤਾ ਗਿਆ ਕਿਉਂਜੋ ਅਜੇ ਤੱਕ ਜੀ.ਪੀ.ਐਸ. ਅਤੇ ਲਾਗ ਬੁਕਾਂ ਅਨੁਸਾਰ ਰਿਪੋਰਟ ਨਹੀਂ ਪ੍ਰਾਪਤ ਹੋਈ । ਠੇਕੇਦਾਰ ਵਲੋਂ ਸ਼ਰਤਾਂ ਅਨੁਸਾਰ ਬਿਲ 7 ਤਾਰੀਕ ਤੱਕ ਦੇਣਾ ਹੁੰਦਾ ਹੈ। ਮੇਅਰ ਜੀ ਨੇ ਡਾਕਟਰ ਸ੍ਰੀ ਕ੍ਰਿਸ਼ਨ ਨੂੰ ਕਿਰਾਏ ਤੇ ਲਈਆਂ ਗਈਆਂ ਟਰਾਲੀਆਂ ਦੀਆ ਜ਼ੋ ਵੀ ਸ਼ਰਤਾਂ ਸਬੰਧੀ ਕਮੀਆਂ ਹਨ ਉਸ ਸਬੰਧੀ ਆਪਣੇ ਕਮੈਂਟਸ ਦੋ ਦਿਨਾਂ ਦੇ ਅੰਦਰ ਦੇਣ ਦੀ ਹਦਾਇਤ ਕੀਤੀ ਗਈ।
- ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 23.1.2020 ਦੇ ਮਤਾ ਨੰ: 31 ਸਬੰਧੀ ਇਹ ਵੀ ਫੈਸਲਾ ਹੋਇਆ ਕਿ ਟੈਂਡਰ ਕੰਡੀਸ਼ਨ ਅਨੁਸਾਰ ਲੜੀ ਨੰ: 2, 3 ਅਤੇ 5 ਤੋਂ 10 ਤੱਕ ਦੇ ਟੈਂਡਰ ਮੈ: ਭਾਗਵਤ ਇੰਜੀਨੀਅਰ ਐਂਡ ਕੰਟਰੈਕਟਰ ਨੂੰ ਅਲਾਟ ਕੀਤੇ ਜਾਂਦੇ ਹਨ ਅਤੇ ਲੜੀ ਨੰ: 1 ਅਤੇ 4 ਦੇ ਟੈਂਡਰ ਸੈਕੰਡ ਲੋਅਸਟ ਮੈਸਰਜ ਸੁਭਾਸ਼ ਸ਼ਰਮਾ ਨੂੰ ਐਲ-1 ਦੇ ਰੇਟਾਂ ਤੇ ਅਲਾਟ ਕਰਨ ਦੀ ਮੰਜੂਰੀ ਦਿੱਤੀ ਜਾਂਦੀ ਹੈ।
- ਸੀਨੀਅਰ ਡਿਪਟੀ ਮੇਅਰ ਵਲੋਂ ਕਿਹਾ ਗਿਆ ਕਿ ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਦੀਆਂ ਗੱਡੀਆਂ ਲਈ ਜਗ੍ਹਾਂ ਰਾਖਵੀਂ ਰੱਖੀ ਜਾਵੇ ਅਤੇ ਅੱਗੋ ਗਰਮੀਆਂ ਦਾ ਮੌਸਮ ਆ ਰਿਹਾ ਹੈ ਇਸ ਲਈ ਗੱਡੀਆਂ ਖੜ੍ਹੀਆਂ ਕਰਨ ਲਈ ਸੈਡ ਵੀ ਬਣਾਈ ਜਾਵੇ । ਜਿਸ ਤੇ ਮੇਅਰ ਜੀ ਨੇ ਐਸ.ਸੀ. (ਡੋਗਰਾ), ਬੀ.ਐਂਡ ਆਰ ਨੂੰ ਸੈਡ ਬਣਾਉਣ ਸਬੰਧੀ ਹਦਾਇਤ ਕੀਤੀ ਗਈ।
- ਸੀਨੀਅਰ ਡਿਪਟੀ ਮੇਅਰ ਨੇ ਦੱਸਿਆ ਕਿ ਪਹਿਲਾਂ ਨਗਰ ਨਿਗਮ ਦਫਤਰ ਦੇ ਬਾਹਰ ਗੇਟ ਤੇ ਇਕ ਪੁਲਿਸ ਕਰਮਚਾਰੀ ਦੀ ਡਿਊਟੀ ਲਗਾਈ ਗਈ ਸੀ, ਜਿਸ ਨਾਲ ਗੱਡੀਆਂ ਦੀ ਪਾਰਕਿੰਗ ਕਾਫੀ ਹੱਦ ਤੱਕ ਦਰੁਸਤ ਹੋ ਗਈ ਸੀ। ਪਰੰਤੂ ਹੁਣ ਫਿਰ ਪਿਛਲੇ ਕਈ ਦਿਨਾਂ ਤੋਂ ਗੇਟ ਤੇ ਕੋਈ ਪੁਲਿਸ ਕਰਮਚਾਰੀ ਤੈਨਾਤ ਨਹੀਂ ਕੀਤਾ ਜਾਂਦਾ। ਮੇਅਰ ਜੀ ਨੇ ਹੁਕਮ ਕੀਤੇ ਕੀ ਪਹਿਲਾਂ ਵਾਂਗ ਇਕ ਪੁਲਿਸ ਕਰਮਚਾਰੀ ਦੀ ਡਿਊਟੀ ਨਗਰ ਨਿਗਮ ਦੇ ਦਫਤਰ ਦੇ ਗੇਟ ਤੇ ਲਗਾਈ ਜਾਵੇ।
- ਉਪਰੋਕਤ ਪ੍ਰੇਖਣਾਂ ਨਾਲ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
13.2.2020

**ਮਤਾ ਨੰਬਰ:-35**

ਵਿਸ਼ਾ:- ਬੀ. ਐਂਡ ਆਰ. ਸ਼ਾਖਾ ਦੇ ਟੈਂਡਰਾਂ ਦੀ ਪ੍ਰਵਾਨਗੀ ਸਬੰਧੀ।(ਯੂ.ਈ.ਆਈ.ਪੀ. ਗ੍ਰਾਂਟ)

ਹਵਾਲਾ:- ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰਬਰ: 21 ਮਿਤੀ 23.1.2020 ਦੇ ਸਬੰਧ ਵਿਚ।

ਪੜਿਆ ਨੋਟ ਟੈਂਡਰ ਸੈਲ (ਬੀ ਐਂਡ ਆਰ) ਸ਼ਾਖਾ ਜਿਸ ਨਾਲ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਨੇ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦੇ ਤਖਮੀਨੇ ਬੀ. ਐਂਡ ਆਰ. ਸ਼ਾਖਾ ਵੱਲੋਂ ਤਿਆਰ ਕੀਤੇ ਗਏ ਸਨ ਜਿਨ੍ਹਾਂ ਦੀ ਮੰਜ਼ੂਰੀ ਮਾਨਯੋਗ ਮੇਅਰ ਜੀ ਨੇ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਪ੍ਰਵਾਨਗੀ ਦਿੱਤੀ ਸੀ, ਨਗਰ ਨਿਗਮ ਹਾਊਸ ਵਲੋਂ ਇਹਨਾਂ ਤਖ਼ਮੀਨਿਆਂ ਬਾਅਦ ਵਿੱਚ ਅੰਤਮ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ। ਜਿਹਨਾਂ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁੱਕੇ ਹਨ। ਜਿਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

**ਰੁਪਏ ਲੱਖਾਂ ਵਿੱਚ**

| Sr. No. | W. No. | Name of Work | Est. Amt. | BOQ/ Sanctioned Amt. | Saving %age | Tender Amt. | Name of Agency | Tender called (No. of Times) | No. of Tenders Received |
|---|---|---|---|---|---|---|---|---|---|
| 1 | 73 | Const. of various streets Raja Garden | 7.09 | 7.09 | 24.99 | 5.32 | Vishal Govt. Contractor | 2nd Time | 04 |
| 2 | 6 | Const. of CC flooring in Prem nagar near Lamba pind chowk. | 20.30 | 20.30 | 16.61 | 16.93 | Joginder Enterprises | 2nd time | 05 |
| 3 | 2 | Const. of CC road at New Amardass nagar near Gill Property. | 14.68 | 14.68 | 15.13 | 12.46 | New Amar LC Society | 2nd Time | 04 |
| 4 | 3 | Const. of CC street in Sanjay Gandhi Nagar. | 18.54 | 18.54 | 14.93 | 15.77 | New Amar LC Society | 2nd Time | 08 |
| 5 | 72 | Const. of various CC streets of Rajan Nagar. | 23.66 | 23.66 | 12.93 | 20.60 | New Amar LC Society | 2nd Time | 04 |
| 6 | 64 | Const. of CC streets at Baba Balak Nath Nagar. | 14.08 | 14.08 | 8.25 | 12.92 | Vipan Jain | 2nd Time | 03 |
| 7 | 1 | Const. of CC road in Bank Colony. | 19.47 | 19.47 | 8.25 | 17.86 | Vipan Jain | 2nd time | 07 |
| 8 | 1 | Const. of CC street near Salempur Muslmana. | 3.88 | 3.88 | 7.58 | 3.59 | Avtar Singh | 2nd Time | 03 |
| 9 | 1 | Const. of CC streets near Jinda Pind. | 9.17 | 9.17 | 7.55 | 8.48 | Avtar Singh. | 2nd Time | 03 |
| 10 | 80 | Development of park at Anand Nagar backside Gurudwara. | 7.77 | 7.77 | 4.25 | 7.44 | Vipan Jain | 2nd time | 03 |

ਹਵਾਲੇ ਅਧੀਨ ਮਤੇ ਰਾਹੀਂ ਉਕਤ ਟੈਂਡਰਾਂ ਨੂੰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਕੀਤਾ ਗਿਆ ਸੀ ਅਤੇ ਕਮੇਟੀ ਵਲੋਂ ਫੈਸਲਾ ਲਿਆ ਗਿਆ ਸੀ ਕਿ ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ। ਇਹ ਵੀ ਫੈਸਲਾ ਹੋਇਆ ਸੀ ਕਿ ਇਹਨਾਂ ਕੰਮਾਂ ਦੇ ਵਾਰਡ ਨੰਬਰ ਸਹੀ ਕਰਕੇ ਦੋਬਾਰਾ ਅਗਲੀ ਮੀਟਿੰਗ ਵਿੱਚ ਇਹ ਟੈਂਡਰ ਵਿਚਾਰਣ ਵਿੱਚ ਪੇਸ਼ ਕੀਤੇ ਜਾਣ ।

ਉਪਰੋਕਤ ਕੰਮਾਂ ਦੇ ਵਾਰਡ ਸਹੀ ਕਰ ਦਿੱਤੇ ਗਏ ਹਨ ਅਤੇ ਟੈਂਡਰ ਮੁੜ ਵਿੱਤ ਤੇ ਠੇਕਾ ਕਮੇਟੀ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹਨ।

ਫੈਸਲਾ :

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

13.2.2020

**ਮਤਾ ਨੰਬਰ:-36**

ਵਿਸ਼ਾ:- ਮੈਨਟੇਂਨਸ ਆਫ ਸਟਰੀਟਸ, ਡਰੇਨਜ ਐਂਡ ਪਾਰਕਸ ਇੰਨ ਵਾਰਡ ਨੰ:4

ਹਵਾਲਾ:- ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ:4 ਮਿਤੀ: 08.01.2020 ਦੇ ਸਬੰਧ ਵਿੱਚ (ਲੰਬਿਤ ਮਤਾ)।

ਪੜ੍ਹਿਆ ਦਫਤਰੀ ਨੋਟ ਸਹਾਇਕ ਇੰਜੀਨੀਅਰ (ਬੀ.ਐਂਡ ਆਰ.) ਜਿਸ ਦੀ ਸ਼ਿਫਾਰਸ਼ ਨਿਗਰਾਨ ਇੰਜੀਨੀਅਰ ਨੇ ਮਿਤੀ 28.1.2020 ਰਾਹੀਂ ਕੀਤੀ ਹੈ ਕਿ ਉਪਰੋਕਤ ਵਿਸ਼ੇ ਸਬੰਧੀ ਕੰਮ ਦੇ ਲਈ ਵਰਕ ਆਰਡਰ ਨੰ:ਸੀ.ਈ/ਐਨ/23 ਮਿਤੀ:28.01.2019 ਨੂੰ ਮੈਸਰਜ ਜੇ.ਪੀ. ਬਿਲਡਿੰਗ ਮਟੀਰੀਅਲ ਨੂੰ ਅਲਾਟ ਕਰਕੇ 12 ਮਹੀਨਿਆਂ ਦਾ ਸਮਾਂ ਦਿੱਤਾ ਗਿਆ ਸੀ।ਪ੍ਰੰਤੂ ਸਬੰਧਤ ਠੇਕੇਦਾਰ/ਕੰਪਨੀ ਨੂੰ ਬਾਰ-ਬਾਰ ਨੋਟਿਸ ਜਾਰੀ ਕਰਨ ਦੇ ਬਾਵਜੂਦ ਵੀ ਕੰਮ ਨੂੰ ਸ਼ੁਰੂ ਨਹੀ ਕੀਤਾ ਗਿਆ।ਹਵਾਲੇ ਅਧੀਨ ਅੰਕਿਤ ਵਿੱਤ ਅਤੇ ਠੇਕਾ ਕਮੇਟੀ ਦੀ ਮਿਤੀ:08.01.2020 ਨੂੰ ਹੋਈ ਮੀਟਿੰਗ ਦੌਰਾਨ ਇਸ ਕੰਮ ਦਾ ਮਤਾ ਨੰ:4 ਲੰਬਿਤ ਰੱਖਿਆ ਗਿਆ ਸੀ।

ਉਕਤ ਸਬੰਧਤ ਠੇਕੇਦਾਰ/ਕੰਪਨੀ ਵੱਲੋਂ ਲਿਖਤੀ ਤੌਰ ਤੇ ਵੀ ਉਕਤ ਕੰਮ ਨੂੰ ਸ਼ੁਰੂ ਕਰਕੇ ਮੁਕੰਮਲ ਕਰਨ ਵਿੱਚ ਅਸਮਰੱਥਾ ਪ੍ਰਗਟ ਕੀਤੀ ਗਈ ਸੀ।ਵਿਸ਼ੇ ਅਧੀਨ ਕੰਮ ਦੇ ਵਰਕ ਆਰਡਰ ਵਿੱਚ ਦਿੱਤੀ ਗਈ 12 ਮਹੀਨਿਆਂ ਦੀ ਮਿਆਂਦ ਮਿਤੀ:27.01.2020 ਨੂੰ ਖਤਮ ਹੋ ਜਾਵੇਗੀ।ਇਹ ਕੰਮ ਜਰੂਰੀ ਹੋਣ ਕਰਕੇ ਇਸ ਕੰਮ ਦਾ ਟੈਂਡਰ ਰੀ-ਕਾਲ ਕਰਨ ਦੀ ਪ੍ਰਵਾਨਗੀ ਲੈਣ ਲਈ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਭੇਜਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਜੀ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 29.1.2020 ਰਾਹੀਂ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ :

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

13.2.2020

**ਮਤਾ ਨੰਬਰ:-37**

ਵਿਸ਼ਾ:- ਮੈਨਟੇਂਨਸ ਆਫ ਸਟਰੀਟਸ, ਡਰੇਨਜ ਐਂਡ ਪਾਰਕਸ ਇੰਨ ਵਾਰਡ ਨੰ:66

ਹਵਾਲਾ:- ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ:5 ਮਿਤੀ: 08.01.2020 ਦੇ ਸਬੰਧ ਵਿੱਚ (ਲੰਬਿਤ ਮਤਾ)।

ਪੜ੍ਹਿਆ ਦਫਤਰੀ ਨੋਟ ਸਹਾਇਕ ਇੰਜੀਨੀਅਰ (ਬੀ.ਐਂਡ ਆਰ.) ਜਿਸ ਦੀ ਸ਼ਿਫਾਰਸ਼ ਨਿਗਰਾਨ ਇੰਜੀਨੀਅਰ ਨੇ ਮਿਤੀ 28.1.2020 ਰਾਹੀਂ ਕੀਤੀ ਹੈ ਕਿ ਉਪਰੋਕਤ ਵਿਸ਼ੇ ਸਬੰਧੀ ਕੰਮ ਦੇ ਲਈ ਵਰਕ ਆਰਡਰ ਨੰ:ਸੀ.ਈ/ਐਨ/44 ਮਿਤੀ:28.01.2019 ਨੂੰ ਮੈਸਰਜ ਜੇ.ਪੀ. ਬਿਲਡਿੰਗ ਮਟੀਰੀਅਲ ਨੂੰ ਅਲਾਟ ਕਰਕੇ 12 ਮਹੀਨਿਆਂ ਦਾ ਸਮਾਂ ਦਿੱਤਾ ਗਿਆ ਸੀ।ਪ੍ਰੰਤੂ ਸਬਧੰਤ ਠੇਕੇਦਾਰ/ਕੰਪਨੀ ਨੂੰ ਬਾਰ-ਬਾਰ ਨੋਟਿਸ ਜਾਰੀ ਕਰਨ ਦੇ ਬਾਵਜੂਦ ਵੀ ਕੰਮ ਨੂੰ ਸ਼ੁਰੂ ਨਹੀ ਕੀਤਾ ਗਿਆ।ਹਵਾਲੇ ਅਧੀਨ ਅੰਕਿਤ ਵਿੱਤ ਅਤੇ ਠੇਕਾ ਕਮੇਟੀ ਦੀ ਮਿਤੀ:08.01.2020 ਨੂੰ ਹੋਈ ਮੀਟਿੰਗ ਦੌਰਾਨ ਇਸ ਕੰਮ ਦਾ ਮਤਾ ਨੰ:5 ਲੰਬਿਤ ਰੱਖਿਆ ਗਿਆ ਸੀ।

ਉਕਤ ਸਬਧੰਤ ਠੇਕੇਦਾਰ/ਕੰਪਨੀ ਵੱਲੋਂ ਲਿਖਤੀ ਤੌਰ ਤੇ ਵੀ ਉਕਤ ਕੰਮ ਨੂੰ ਸ਼ੁਰੂ ਕਰਕੇ ਮੁਕਮੰਲ ਕਰਨ ਵਿੱਚ ਅਸਮਰੱਥਾ ਪ੍ਰਗਟ ਕੀਤੀ ਗਈ ਸੀ।ਵਿਸ਼ੇ ਅਧੀਨ ਕੰਮ ਦੇ ਵਰਕ ਆਰਡਰ ਵਿੱਚ ਦਿੱਤੀ ਗਈ 12 ਮਹੀਨਿਆਂ ਦੀ ਮਿਆਂਦ ਮਿਤੀ:27.01.2020 ਨੂੰ ਖਤਮ ਹੋ ਜਾਵੇਗੀ।ਇਹ ਕੰਮ ਜਰੂਰੀ ਹੋਣ ਕਰਕੇ ਇਸ ਕੰਮ ਦਾ ਟੈਂਡਰ ਰੀ-ਕਾਲ ਕਰਨ ਦੀ ਪ੍ਰਵਾਨਗੀ ਲੈਣ ਲਈ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਭੇਜਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਜੀ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 29.1.2020 ਰਾਹੀਂ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ :

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

13.2.2020

**ਮਤਾ ਨੰਬਰ:-38**

ਵਿਸ਼ਾ:- ਮੈਨਟੇਂਨਸ ਆਫ ਸਟਰੀਟਸ, ਡਰੇਨਜ ਐਂਡ ਪਾਰਕਸ ਇੰਨ ਵਾਰਡ ਨੰ:02

ਹਵਾਲਾ:- ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ:6 ਮਿਤੀ: 08.01.2020 ਦੇ ਸਬੰਧ ਵਿੱਚ (ਲੰਬਿਤ ਮਤਾ)।

ਪੜ੍ਹਿਆ ਦਫਤਰੀ ਨੋਟ ਸਹਾਇਕ ਇੰਜੀਨੀਅਰ (ਬੀ.ਐਂਡ ਆਰ.) ਜਿਸ ਦੀ ਸ਼ਿਫਾਰਸ਼ ਨਿਗਰਾਨ ਇੰਜੀਨੀਅਰ ਨੇ ਮਿਤੀ 28.1.2020 ਰਾਹੀਂ ਕੀਤੀ ਹੈ ਕਿ ਉਪਰੋਕਤ ਵਿਸ਼ੇ ਸਬੰਧੀ ਕੰਮ ਦੇ ਲਈ ਵਰਕ ਆਰਡਰ ਨੰ:ਸੀ.ਈ/ਐਨ/43 ਮਿਤੀ:28.01.2019 ਨੂੰ ਮੈਸਰਜ ਜੇ.ਪੀ. ਬਿਲਡਿੰਗ ਮਟੀਰੀਅਲ ਨੂੰ ਅਲਾਟ ਕਰਕੇ 12 ਮਹੀਨਿਆਂ ਦਾ ਸਮਾਂ ਦਿੱਤਾ ਗਿਆ ਸੀ।ਪ੍ਰੰਤੂ ਸਬਧੰਤ ਠੇਕੇਦਾਰ/ਕੰਪਨੀ ਨੂੰ ਬਾਰ-ਬਾਰ ਨੋਟਿਸ ਜਾਰੀ ਕਰਨ ਦੇ ਬਾਵਜੂਦ ਵੀ ਕੰਮ ਨੂੰ ਸ਼ੁਰੂ ਨਹੀ ਕੀਤਾ ਗਿਆ।ਹਵਾਲੇ ਅਧੀਨ ਅੰਕਿਤ ਵਿੱਤ ਅਤੇ ਠੇਕਾ ਕਮੇਟੀ ਦੀ ਮਿਤੀ:08.01.2020 ਨੂੰ ਹੋਈ ਮੀਟਿੰਗ ਦੌਰਾਨ ਇਸ ਕੰਮ ਦਾ ਮਤਾ ਨੰ:6 ਲਬਿੰਤ ਰੱਖਿਆ ਗਿਆ ਸੀ।

ਉਕਤ ਸਬਧੰਤ ਠੇਕੇਦਾਰ/ਕੰਪਨੀ ਵੱਲੋਂ ਲਿਖਤੀ ਤੌਰ ਤੇ ਵੀ ਉਕਤ ਕੰਮ ਨੂੰ ਸ਼ੁਰੂ ਕਰਕੇ ਮੁਕੰਮਲ ਕਰਨ ਵਿੱਚ ਅਸਮਰੱਥਾ ਪ੍ਰਗਟ ਕੀਤੀ ਗਈ ਸੀ।ਵਿਸ਼ੇ ਅਧੀਨ ਕੰਮ ਦੇ ਵਰਕ ਆਰਡਰ ਵਿੱਚ ਦਿੱਤੀ ਗਈ 12 ਮਹੀਨਿਆਂ ਦੀ ਮਿਆਂਦ ਮਿਤੀ:27.01.2020 ਨੂੰ ਖਤਮ ਹੋ ਜਾਵੇਗੀ।ਇਹ ਕੰਮ ਜਰੂਰੀ ਹੋਣ ਕਰਕੇ ਇਸ ਕੰਮ ਦਾ ਟੈਂਡਰ ਰੀ-ਕਾਲ ਕਰਨ ਦੀ ਪ੍ਰਵਾਨਗੀ ਲੈਣ ਲਈ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਭੇਜਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਜੀ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 29.1.2020 ਰਾਹੀਂ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ :
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
13.2.2020

**ਮਤਾ ਨੰਬਰ:-39**

ਵਿਸ਼ਾ:- ਆਸ਼ੂ ਵਾਲੀ ਗਲੀ ਕਬੀਰ ਵਿਹਾਰ ਵਿੱਚ ਸੀਵਰ ਲਾਇਨ ਪਾਉਣ ਬਾਰੇ। ਵਾਰਡ ਨੰ: 77 ਨਿਉ (ਈ-ਟੈਂਡਰ ਪ੍ਰਵਾਨਗੀ ਹਿੱਤ)

| | |
|---|---|
| ਤਖਮੀਨਾ ਰੁਪਏ: 82,000/- | ਟੈਂਡਰ ਮੰਗੇ ਰੁਪਏ: 82,000/- |
| ਕੁੱਲ ਪ੍ਰਾਪਤ ਵੈਲਿਡ ਟੈਂਡਰ = 1 (ਚੌਥੀ ਬਾਰੀ) | ਟੈਂਡਰ ਅਮਾਉਂਟ ਰੁਪਏ: 81,590/- |
| ਸੇਵਿੰਗ 0.50% | ਅਜੰਸੀ ਦਾ ਨਾਮ:- ਮੈਸਰਜ਼ ਜਤਿਨ ਸ਼ਰਮਾ |

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਕਿ ਉਪਰੋਕਤ ਕੰਮ ਕਰਵਾਉਣ ਲਈ ਤਖਮੀਨਾ ਰੁਪਏ 82,000/- ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 196(5) ਮਿਤੀ 18-10-18 ਰਾਹੀਂ ਦਿੱਤੀ ਸੀ। ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਪਹਿਲੀ ਬਾਰੀ ਸੁਸਾਈਟੀ ਮਿਤੀ 09.08.19 ਅਤੇ ਠੇਕੇਦਾਰ ਤੋ ਮਿਤੀ 16.08.19 ਅਤੇ ਦੂਸਰੀ ਬਾਰੀ ਠੇਕੇਦਾਰ ਤੋ ਮਿਤੀ 12.08.19 ਅਤੇ ਤੀਸਰੀ ਬਾਰੀ ਠੇਕੇਦਾਰਾਂ ਤੋ ਮਿਤੀ 28.10.19 ਅਧੀਨ ਮੰਗੇ ਗਏ ਸਨ, ਪਰੰਤੂ ਲੋੜੀਂਦੇ ਕੰਮਾਂ ਦੇ ਈ- ਟੈਂਡਰ ਪ੍ਰਾਪਤ ਨਹੀ ਹੋਏ।

ਚੌਥੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਤੋ ਮਿਤੀ 15.11.19 ਮਿਥੇ ਸਮੇ ਤੇ ਸੁਸਾਈਟੀਆਂ ਵੱਲੋਂ ਇਸ ਕੰਮ ਦਾ ਟੈਂਡਰ ਨਹੀ ਪਾਇਆ ਗਿਆ ਅਤੇ ਠੇਕੇਦਾਰਾਂ ਕੋਲੋ ਮਿਤੀ 02.12.19 ਲਈ ਮੰਗੇ ਗਏ ਸਨ, ਉਪਰੋਕਤ ਠੇਕੇਦਾਰ ਦਾ ਇਕ ਟੈਂਡਰ ਪ੍ਰਾਪਤ ਹੋਇਆ, ਜਿਸ ਦੀ ਤਕਨੀਕੀ ਬਿਡ ਮਿਆਰ ਪਖੋ ਪੂਰੀ ਸੀ। ਇਸ ਲਈ ਇਸ ਦੀ ਵਿੱਤੀ ਬਿਡ ਖੋਲੀ ਗਈ ਅਤੇ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ। ਉਪਰੋਕਤ ਠੇਕੇਦਾਰ 0.50% ਦੀ ਸੇਵਿੰਗ ਨਾਲ ਇਹ ਕੰਮ ਤਖਮੀਨਾ ਰੁਪਏ 82,000/- ਦੇ ਵਿਰੁੱਧ ਰੁਪਏ 81,590/- ਵਿੱਚ ਕਰੇਗੀ। ਕੀਤੇ ਗਏ ਕੰਮ ਦੀ ਅਦਾਇਗੀ ਐਮ.ਬੀ. ਵਿੱਚ ਕੀਤੇ ਗਏ ਇੰਦਰਾਜ ਅਨੁਸਾਰ ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਕੀਤੀ ਜਾਵੇਗੀ ਜ਼ੋ ਕਿ ਕੰਮ ਦੀ ਮਿਨਤੀ ਅਨੁਸਾਰ ਵੱਧ-ਘੱਟ ਸਕਦੀ ਹੈ।ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਨਿਗਰਾਨ ਇੰਜੀਨਿਅਰ (ਓ.ਐਂਡ ਐਮ.) ਨੇ ਮਿਤੀ 16.1.2020 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਅਤੇ ਫੈਸਲੇ ਲਈ ਸਿਫਾਰਸ਼ ਕੀਤੀ ਹੈ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 24.1.2020 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ :

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

13.2.2020

**ਮਤਾ ਨੰਬਰ:-40**

ਵਿਸ਼ਾ:- ਕਿਸ਼ੋਰ ਆਸ਼ਰਮ ਕਬੀਰ ਵਿਹਾਰ ਵਿੱਚ ਸੀਵਰ ਲਾਇਨ ਪਾਉਣ ਬਾਰੇ। ਵਾਰਡ ਨੰ: 77 ਨਿਉ (ਈ-ਟੈਂਡਰ ਪ੍ਰਵਾਨਗੀ ਹਿੱਤ)

| | |
|---|---|
| ਤਖਮੀਨਾ ਰੁਪਏ: 95,344/- | ਟੈਂਡਰ ਮੰਗੇ ਰੁਪਏ: 95,344/- |
| ਕੁੱਲ ਪ੍ਰਾਪਤ ਵੈਲਿਡ ਟੈਂਡਰ = 1 (ਚੌਥੀ ਬਾਰੀ) | ਟੈਂਡਰ ਅਮਾਉਂਟ ਰੁਪਏ: 94,867/- |
| ਸੇਵਿੰਗ 0.50% | ਅਜੰਸੀ ਦਾ ਨਾਮ:- ਮੈਸਰਜ਼ ਜਤਿਨ ਸ਼ਰਮਾ |

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਕਿ ਉਪਰੋਕਤ ਕੰਮ ਕਰਵਾਉਣ ਲਈ ਤਖਮੀਨਾ ਰੁਪਏ 94,344/- ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 196(4) ਮਿਤੀ 18-10-18 ਰਾਹੀਂ ਦਿੱਤੀ ਸੀ। ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਪਹਿਲੀ ਬਾਰੀ ਸੁਸਾਈਟੀ ਮਿਤੀ 09.08.19 ਅਤੇ ਠੇਕੇਦਾਰ ਤੋ ਮਿਤੀ 16.08.19 ਅਤੇ ਦੂਸਰੀ ਬਾਰੀ ਠੇਕੇਦਾਰ ਤੋ ਮਿਤੀ 12.08.19 ਅਤੇ ਤੀਸਰੀ ਬਾਰੀ ਠੇਕੇਦਾਰਾਂ ਤੋ ਮਿਤੀ 28.10.19 ਅਧੀਨ ਮੰਗੇ ਗਏ ਸਨ, ਪਰੰਤੂ ਲੋੜੀਂਦੇ ਕੰਮਾਂ ਦੇ ਈ- ਟੈਂਡਰ ਪ੍ਰਾਪਤ ਨਹੀ ਹੋਏ।

ਚੌਥੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਤੋ ਮਿਤੀ 15.11.19 ਨੂੰ ਮਿਥੇ ਸਮੇਂ ਤੇ ਸੁਸਾਈਟੀਆਂ ਵੱਲੋਂ ਇਸ ਕੰਮ ਦਾ ਟੈਂਡਰ ਨਹੀ ਪਾਇਆ ਗਿਆ ਅਤੇ ਠੇਕੇਦਾਰਾਂ ਕੋਲੋ ਮਿਤੀ 02.12.19 ਲਈ ਮੰਗੇ ਗਏ ਸਨ, ਉਪਰੋਕਤ ਠੇਕੇਦਾਰ ਦਾ ਇਕ ਟੈਂਡਰ ਪ੍ਰਾਪਤ ਹੋਇਆ, ਜਿਸ ਦੀ ਤਕਨੀਕੀ ਬਿਡ ਮਿਆਰ ਪਖੋ ਪੂਰੀ ਸੀ। ਇਸ ਲਈ ਇਸ ਦੀ ਵਿੱਤੀ ਬਿਡ ਖੋਲੀ ਗਈ। ਉਪਰੋਕਤ ਠੇਕੇਦਾਰ 0.50% ਦੀ ਸੇਵਿੰਗ ਨਾਲ ਇਹ ਕੰਮ ਤਖਮੀਨਾ ਰੁਪਏ 95,344/- ਦੇ ਵਿਰੁੱਧ ਰੁਪਏ 94,867/- ਵਿੱਚ ਕਰੇਗੀ। ਕੀਤੇ ਗਏ ਕੰਮ ਦੀ ਅਦਾਇਗੀ ਐਮ.ਬੀ. ਵਿੱਚ ਕੀਤੇ ਗਏ ਇੰਦਰਾਜ ਅਨੁਸਾਰ ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਕੀਤੀ ਜਾਵੇਗੀ ਜ਼ੋ ਕਿ ਕੰਮ ਦੀ ਮਿਨਤੀ ਅਨੁਸਾਰ ਵੱਧ-ਘੱਟ ਸਕਦੀ ਹੈ। ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਨਿਗਰਾਨ ਇੰਜੀਨਿਅਰ (ਓ.ਐਂਡ ਐਮ.) ਨੇ ਮਿਤੀ 16.1.2020 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਫੈਸਲੇ ਲਈ ਸਿਫਾਰਸ਼ ਕੀਤੀ ਹੈ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 24.1.2020 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ :

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

13.2.2020

**ਮਤਾ ਨੰਬਰ:-41**

ਵਿਸ਼ਾ:- ਸੁਪਰ ਸਕੱਰ ਮਸ਼ੀਨਾਂ ਰਾਹੀਂ ਸੀ.ਸੀ.ਟੀ.ਵੀ ਕੈਮਰੇ ਦੀ ਮਦਦ ਨਾਲ ਚੋਗਿਟੀ ਚੌਕ ਟੂ ਨੰਗਲ ਸ਼ਾਮਾ ਚੌਕ ਤੱਕ 30" ਦੇ ਸੀਵਰ ਦੀ ਡੀ-ਸਿਲਟਿੰਗ ਕਰਵਾਉਣ ਬਾਰੇ।

ਤਖਮੀਨਾ ਰੁਪਏ 38,28,600/- (ਸਮੇਤ ਜੀ.ਐਸ.ਟੀ ਜੇਕਰ ਇਸ ਕੰਮ ਤੇ ਐਪਲੀਕੇਵਲ ਹੋਵੇਗਾ ਤਾਂ)

ਅਜੰਸੀ ਦਾ ਨਾਮ:- ਮੈਸਰਜ਼ APESPL-IBA JV, (Aryan Pumps Enviro Solution Pvt.Ltd- Inderjit Bajaj & Associates JV) Pune

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਕਿ ਸੀਵਰੇਜ਼ ਬੋਰਡ ਨੇ ਅਪਣੇ ਪਿਠਅੰਕਨ ਨੰ: 3351 ਮਿਤੀ 17.10.17 ਰਾਹੀਂ ਨਗਰ ਨਿਗਮ ਜਲੰਧਰ ਨੂੰ ਸੂਚਿਤ ਕੀਤਾ ਹੈ ਕਿ ਸਥਾਨਕ ਸਰਕਾਰ ਦੀ ਪੱਧਰ ਤੇ ਮੈਸਰਜ਼ APESPL-IBA JV, (Aryan Pumps Enviro Solution Pvt.Ltd- Inderjit Bajaj & Associates JV) Pune ਨਾਲ ਸੁਪਰ ਸਕੱਰ ਮਸ਼ੀਨਾਂ ਰਾਹੀਂ ਸੀ.ਸੀ.ਟੀ.ਵੀ ਕੈਮਰੇ ਦੀ ਮਦਦ ਨਾਲ ਸ਼ਹਿਰ ਦੇ ਵੱਖ-ਵੱਖ ਸੀਵਰਾਂ ਦੀ ਡੀ-ਸਿਲਟਿੰਗ ਕਰਵਾਉਣ ਲਈ ਰੇਟ ਕੰਟਰੈਕਟ ਕੀਤਾ ਗਿਆ ਹੈ। ਇਸ ਪੱਤਰ ਦੇ ਲੜੀ ਨੰ: 10 ਤੇ ਸਪਸ਼ਟ ਕੀਤਾ ਗਿਆ ਹੈ (You will be given first preference at the time of award of the job till you show inability after your capacity is exhausted)

ਵਿਸ਼ੇ ਅਧੀਨ ਕੰਮ ਕਰਵਾਉਣ ਵਾਸਤੇ ਨਗਰ ਨਿਗਮ ਹਾਊਸ ਨੇ ਅਪਣੇ ਮਤਾ ਨੰ: 101(1) ਮਿਤੀ 29.11.19 ਰਾਹੀਂ ਤਖਮੀਨਾ ਰੁਪਏ 38,28,600/- ਦੀ ਪ੍ਰਵਾਨਗੀ ਦਿੱਤੀ ਹੈ। ਸਥਾਨਕ ਸਰਕਾਰ ਵੱਲੋਂ ਪ੍ਰਵਾਨਿਤ ਰੇਟ ਕੰਟਰੈਕਟ ਨੂੰ ਮੁੱਖ ਰੱਖਦੇ ਹੋਏ ਉਪਰੋਕਤ ਕੰਮ ਮੈਸਰਜ਼ APESPL-IBA JV, (Aryan Pumps Enviro Solution Pvt.Ltd- Inderjit Bajaj & Associates JV) Pune ਤੋ ਕਰਵਾਉਣ ਲਈ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਲੋੜੀਂਦੀ ਹੈ। ਪ੍ਰਵਾਨਗੀ ਉਪਰੰਤ ਸਥਾਨਕ ਸਰਕਾਰ ਵਲੋਂ ਪ੍ਰਵਾਨਿਤ ਰੇਟ ਕੰਟਰੈਕਟ ਦੇ ਰੇਟਾਂ ਅਤੇ ਟਰਮਜ਼ ਕੰਡੀਸ਼ਨਜ਼ ਅਨੁਸਾਰ ਵਰਕ ਆਰਡਰ ਜਾਰੀ ਕੀਤਾ ਜਾਵੇਗਾ। ਨਿਗਰਾਨ ਇੰਜੀਨੀਅਰ ਨੇ ਮਿਤੀ 17.1.2020 ਰਾਹੀਂ ਉਪਰੋਕਤ ਅਨੁਸਾਰ ਪ੍ਰਵਾਨਗੀ ਦੀ ਸਿਫਾਰਿਸ਼ ਕੀਤੀ ਹੈ।

ਮਾਨਯੋਗ ਮੇਅਰ ਜੀ ਦੇ ਹੁਕਮ ਮਿਤੀ 24.1.2020 ਅਨੁਸਾਰ ਵਿਸ਼ੇ ਅਧੀਨ ਤਖਮੀਨੇ ਦਾ ਕੰਮ ਸਥਾਨਕ ਸਰਕਾਰ ਵੱਲੋਂ ਪ੍ਰਵਾਨਿਤ ਰੇਟ ਕੰਟਰੈਕਟ ਤੇ ਕਰਵਾਉਣ ਦੇ ਫੈਸਲੇ ਹਿੱਤ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਪੇਸ਼ ਹੈ ਜੀ।

ਫੈਸਲਾ :

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

13.2.2020

**ਮਤਾ ਨੰਬਰ:-42**

ਵਿਸ਼ਾ:- ਨਗਰ ਨਿਗਮ ਜਲੰਧਰ ਦੀ ਹਦੂਦ ਅੰਦਰ ਪੈਂਦੇ 7 ਜ਼ੋਨਾਂ ਦੇ ਵੱਖ-ਵੱਖ ਇਲਾਕਿਆਂ ਵਿੱਚ ਸੁਪਰ ਸਕੱਸ਼ਨ ਮਸ਼ੀਨਾਂ ਰਾਹੀਂ ਸੀਵਰ ਦੀ ਸਫਾਈ ਕਰਵਾਉਣ ਬਾਰੇ। ( ਈ-ਟੈਂਡਰ ਪ੍ਰਵਾਨਗੀ ਹਿੱਤ)

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਮਿਤੀ 30.1.2020 ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਨਗਰ ਨਿਗਮ ਜਲੰਧਰ ਚਾਰੋ ਐਮ.ਐਲ.ਏ ਸਾਹਿਬਾਨਾਂ ਨੇ ਉਹਨਾ ਦੇ ਹਲਕੇ ਅਧੀਨ ਪੈਂਦੇ ਵੱਖ-ਵੱਖ ਵਾਰਡਾਂ ਦੇ ਵੱਖ-ਵੱਖ ਇਲਾਕੀਆਂ ਵਿੱਚ ਸੀਵਰ ਲਾਇਨਾਂ ਦੀ ਡੀ-ਸਿਲਟਿੰਗ ਦਾ ਕੰਮ ਕਰਵਾਉਣ ਬਾਰੇ ਕਿਹਾ ਗਿਆ ਸੀ। ਉਹਨਾ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ, ਨਗਰ ਨਿਗਮ ਜਲੰਧਰ ਦੀ ਹਦੂਦ ਅੰਦਰ ਪੈਂਦੇ 7 ਜ਼ੋਨਾਂ ਦੇ ਵੱਖ-ਵੱਖ ਇਲਾਕੀਆਂ ਵਿੱਚ ਸੁਪਰ ਸਕੱਸ਼ਨ ਮਸ਼ੀਨਾਂ ਰਾਹੀਂ ਸੀਵਰ ਦੀ ਸਫਾਈ ਕਰਵਾਉਣ ਲਈ ਵੱਖ-ਵੱਖ ਤਖਮੀਨੇ ਤਿਆਰ ਕੀਤੇ ਗਏ ਜਿਸ ਦੀ ਮੰਜੂਰੀ ਮੇਅਰ ਜੀ ਨੇ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਪ੍ਰਵਾਨਗੀ ਦਿੱਤੀ ਸੀ ਅਤੇ ਜਿਹਨਾ ਦੀ ਅੰਤਮ ਪ੍ਰਵਾਨਗੀ ਨਗਰ ਨਿਗਮ ਹਾਊਸ ਵੱਲੋਂ ਮਤਾ ਨੰ: 95 (3-9) ਮਿਤੀ 29.11.19 ਰਾਹੀਂ ਦਿੱਤੀ ਗਈ।

ਇਹਨਾ ਕੰਮਾਂ ਲਈ ਵਿਸਤਾਰਪੂਰਵਕ NIT ਤਿਆਰ ਕਰਕੇ ਟੈਂਡਰ **ਪਹਿਲੀ ਬਾਰੀ** ਅਖਬਾਰਾਂ ਅਤੇ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਤੋਂ ਮਿਤੀ 09.08.19 ਅਤੇ ਠੇਕੇਦਾਰਾਂ ਤੋ ਮਿਤੀ 16.08.19 ਲਈ ਮੰਗੇ ਗਏ, ਪਰੰਤੂ ਇਹਨਾਂ ਟੈਂਡਰਾਂ ਨੂੰ ਕਾਰੀਜੰਡਮ ਲਗਾ ਕੇ ਸੁਸਾਈਟੀਆਂ ਤੋ ਮਿਤੀ 23.08.19 ਰਾਹੀਂ ਮੰਗੇ ਗਏ। ਇਹਨਾਂ ਸਾਰੇ ਕੰਮਾਂ (1 ਤੋ 7) ਦੇ ਟੈਂਡਰਾਂ ਵਿੱਚ ਇਕ-ਇਕ ਹੀ ਬਿਡ ਪ੍ਰਾਪਤ ਹੋਈ। ਸਥਾਨਕ ਸਰਕਾਰ ਦੀ ਨੋਟੀਫਿਕੇਸ਼ਨ ਅਨੁਸਾਰ ਘੱਟ ਬਿਡਾਂ ਪ੍ਰਾਪਤ ਹੋਣ ਕਾਰਨ ਇਹਨਾਂ ਨੂੰ ਰੱਦ ਕਰਕੇ ਠੇਕੇਦਾਰਾਂ ਕੋਲੋ ਮਿਤੀ 30.08.19 ਲਈ ਟੈਂਡਰ ਮੰਗੇ ਗਏ, ਪਰੰਤੂ ਵਿਭਾਗ ਵੱਲੋਂ ਐਨ.ਆਈ.ਟੀ ਦੀ ਕੰਡੀਸ਼ਨ ਵਿੱਚ ਸੋਧ ਕਰਨ ਉਪਰੰਤ ਠੇਕੇਦਾਰਾਂ ਤੋ ਮਿਤੀ 18.09.19 ਲਈ ਟੈਂਡਰ ਮੰਗੇ ਗਏ ਸਨ, ਜਿਹਨਾ ਦੀਆਂ ਤਕਨੀਕੀ ਬਿਡਾਂ ਖੋਲੀਆਂ ਜਿਹਨਾ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| **ਪਹਿਲੀ ਬਾਰੀ ਟੈਂਡਰ** | | | | | |
|---|---|---|---|---|---|
| ਲੜੀ ਨੰ: | ਕੰਮ ਦਾ ਨਾਮ | ਤਖਮੀਨਾ ਰੁਪਏ ਲੱਖਾਂ ਵਿੱਚ | ਪ੍ਰਾਪਤ ਟੈਂਡਰ | ਠੇਕੇਦਾਰ/ਸੁਸਾਈਟੀ ਦਾ ਨਾਮ | ਵਿਸ਼ੇਸ਼ ਕੱਥਨ |
| 1 | Desilting of Sewer Line with Super Suction Machine in different area falling in different wards in North Constituency ZONE-2 | 24.00 | 7 | ਮੈਸਰਜ਼ ਜੈਨਟੈਕ ਇੰਜੀਨੀਅਰ | ਟੈਕਨੀਕਲ ਅਲੀਜੀਬਲ |
| | | | | ਕੇ.ਐਚ ਕੋ-ਆਪ ਐਲ.ਸੀ | ਟੈਕਨੀਕਲ ਨਾਟ ਅਲੀਜੀਬਲ |
| | | | | ਐਚ.ਪੀ ਕੋ-ਆਪ ਐਲ.ਸੀ | ਟੈਕਨੀਕਲ ਨਾਟ ਅਲੀਜੀਬਲ |
| | | | | ਭਗਵਾਨ ਪੂਰਾ ਕੋ-ਆਪ ਐਲ.ਸੀ | ਟੈਕਨੀਕਲ ਨਾਟ ਅਲੀਜੀਬਲ |
| | | | | ਮੈ: ਗੋਰਵ ਗੁਪਤਾ | ਟੈਕਨੀਕਲ ਨਾਟ ਅਲੀਜੀਬਲ |
| | | | | ਮੈ: ਨਿਖਿਲ ਐਂਟਰਪ੍ਰਾਇਜ਼ਿਜ਼ | ਟੈਕਨੀਕਲ ਨਾਟ ਅਲੀਜੀਬਲ |
| | | | | **ਮੈ: ਰਾਏ ਕੰਸਟ੍ਰਕਸ਼ਨ** | **ਟੈਕਨੀਕਲ ਅਲੀਜੀਬਲ** |
| 2 | Desilting of Sewer Line with Super Suction Machine in different area falling in different wards in North Constituency ZONE-3 | 24.70 | 6 | ਸ਼ਰੀਸ਼ਫਪੂਰਾ ਕੋ-ਆਪ ਐਲ.ਸੀ | ਟੈਕਨੀਕਲ ਨਾਟ ਅਲੀਜੀਬਲ |
| | | | | ਕੇ.ਐਚ ਕੋ-ਆਪ ਐਲ.ਸੀ | ਟੈਕਨੀਕਲ ਨਾਟ ਅਲੀਜੀਬਲ |
| | | | | ਐਚ.ਪੀ ਕੋ-ਆਪ ਐਲ.ਸੀ | ਟੈਕਨੀਕਲ ਨਾਟ ਅਲੀਜੀਬਲ |
| | | | | ਭਗਵਾਨ ਪੂਰਾ ਕੋ-ਆਪ ਐਲ.ਸੀ | ਟੈਕਨੀਕਲ ਨਾਟ ਅਲੀਜੀਬਲ |
| | | | | ਮੈ: ਗੋਰਵ ਗੁਪਤਾ | ਟੈਕਨੀਕਲ ਨਾਟ ਅਲੀਜੀਬਲ |
| | | | | ਮੈ: ਰਾਏ ਕੰਸਟ੍ਰਕਸ਼ਨ | ਟੈਕਨੀਕਲ ਅਲੀਜੀਬਲ |
| 3 | Desilting of Sewer Line with Super Suction Machine in different area falling in different wards in North Constituency ZONE-4 | 28.07 | 5 | ਕੇ.ਐਚ ਕੋ-ਆਪ ਐਲ.ਸੀ | ਟੈਕਨੀਕਲ ਨਾਟ ਅਲੀਜੀਬਲ |
| | | | | ਐਚ.ਪੀ ਕੋ-ਆਪ ਐਲ.ਸੀ | ਟੈਕਨੀਕਲ ਨਾਟ ਅਲੀਜੀਬਲ |
| | | | | ਭਗਵਾਨ ਪੂਰਾ ਕੋ-ਆਪ ਐਲ.ਸੀ | ਟੈਕਨੀਕਲ ਨਾਟ ਅਲੀਜੀਬਲ |
| | | | | ਮੈ: ਗੋਰਵ ਗੁਪਤਾ | ਟੈਕਨੀਕਲ ਨਾਟ ਅਲੀਜੀਬਲ |
| | | | | ਮੈ: ਰਾਏ ਕੰਸਟ੍ਰਕਸ਼ਨ | ਟੈਕਨੀਕਲ ਅਲੀਜੀਬਲ |
| 4 | Desilting of Sewer Line with Super Suction Machine in different area falling in different wards in North Constituency ZONE-5 | 14.70 | 3 | ਸ਼ਰੀਸ਼ਫਪੂਰਾ ਕੋ-ਆਪ ਐਲ.ਸੀ | ਟੈਕਨੀਕਲ ਨਾਟ ਅਲੀਜੀਬਲ |
| | | | | ਐਚ.ਪੀ ਕੋ-ਆਪ ਐਲ.ਸੀ | ਟੈਕਨੀਕਲ ਨਾਟ ਅਲੀਜੀਬਲ |
| | | | | ਮੈ: ਰਾਏ ਕੰਸਟ੍ਰਕਸ਼ਨ | ਟੈਕਨੀਕਲ ਅਲੀਜੀਬਲ |
| 5 | Desilting of Sewer Line with Super Suction Machine in different area falling in different wards in North Constituency ZONE-5A | 12.22 | 3 | ਸ਼ਰੀਸ਼ਫਪੂਰਾ ਕੋ-ਆਪ ਐਲ.ਸੀ | ਟੈਕਨੀਕਲ ਨਾਟ ਅਲੀਜੀਬਲ |
| | | | | ਐਚ.ਪੀ ਕੋ-ਆਪ ਐਲ.ਸੀ | ਟੈਕਨੀਕਲ ਨਾਟ ਅਲੀਜੀਬਲ |
| | | | | ਮੈ: ਰਾਏ ਕੰਸਟ੍ਰਕਸ਼ਨ | ਟੈਕਨੀਕਲ ਅਲੀਜੀਬਲ |
| 6 | Desilting of Sewer Line with Super Suction Machine in different area falling in different wards in North Constituency ZONE-6 | 21.45 | 2 | | 3 ਤੋ ਘੱਟ ਬਿਡਾਂ ਪ੍ਰਾਪਤ ਹੋਣ ਕਾਰਨ ਖੋਲੀਆਂ ਨਹੀ ਗਈਆਂ। |
| 7 | Desilting of Sewer Line with Super Suction Machine in different area falling in different wards in North Constituency ZONE-7 | 24.00 | 2 | | 3 ਤੋ ਘੱਟ ਬਿਡਾਂ ਪ੍ਰਾਪਤ ਹੋਣ ਕਾਰਨ ਖੋਲੀਆਂ ਨਹੀ ਗਈਆਂ। |

ਉਪਰੋਕਤ ਦਰਸ਼ਾਏ ਟੇਬਲ ਅਨੁਸਾਰ ਲੜੀ ਨੰ: 1 ਤੋ 5 ਦੇ ਟੈਂਡਰਾਂ ਦੀ ਤਕਨੀਕੀ ਬਿਡਾਂ ਦੀ ਇਵੈਲੁਏਸ਼ਨ, ਟੈਕਨੀਕਲ ਇਵੈਲੁਏਸ਼ਨ ਟੀਮ ਵੱਲੋਂ ਕੀਤੀ ਗਈ ਅਤੇ ਕਿਸੇ ਵੀ ਕੰਮਾਂ ਦੇ ਟੈਂਡਰਾਂ ਵਿੱਚ 3 ਬਿਡਾਂ ਟੈਕਨੀਕਲ ਅਲੀਜੀਬਲ ਨਹੀ ਪਾਇਆ ਗਈਆਂ, ਜਿਸ ਕਾਰਨ ਇਹਨਾਂ ਕੰਮਾਂ ਦੇ ਟੈਂਡਰਾਂ ਨੂੰ ਰਿ-ਕਾਲ ਕੀਤਾ ਗਿਆ।

**ਦੂਸਰੀ ਬਾਰੀ** ਇਸ ਕੰਮ ਦੇ ਟੈਂਡਰ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਟੂ ਸਟੇਜ ਸਿਸਟਮ ਅਧੀਨ ਠੇਕੇਦਾਰਾਂ ਤੋ ਮਿਤੀ 24.10.19 ਰਾਹੀਂ ਮੰਗੇ ਗਏ, ਜਿਹਨਾ ਦੀਆਂ ਤਕਨੀਕੀ ਬਿਡਾਂ ਖੋਲੀਆਂ ਗਈਆਂ, ਜਿਹਨਾ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

**ਦੂਸਰੀ ਬਾਰੀ ਟੈਂਡਰ**

| ਲੜੀ ਨੰ: | ਕੰਮ ਦਾ ਨਾਮ | ਤਖਮੀਨਾ ਰੁਪਏ ਲੱਖਾਂ ਵਿੱਚ | ਪ੍ਰਾਪਤ ਟੈਂਡਰ | ਠੇਕੇਦਾਰ/ਸੁਸਾਈਟੀ ਦਾ ਨਾਮ | ਵਿਸ਼ੇਸ਼ ਕੱਥਨ |
|---|---|---|---|---|---|
| 1 | Desilting of Sewer Line with Super Suction Machine in different area falling in different wards in North Constituency ZONE-2 | 24.00 | 4 | ਮੈਸਰਜ਼ ਜੈਨਟੈਕ ਇੰਜੀਨੀਅਰ | ਟੈਕਨੀਕਲ ਅਲੀਜੀਬਲ |
| | | | | ਐਚ.ਪੀ ਕੋ-ਆਪ ਐਲ.ਸੀ | ਟੈਕਨੀਕਲ ਅਲੀਜੀਬਲ |
| | | | | ਮੈ: ਗੋਰਵ ਗੁਪਤਾ | ਟੈਕਨੀਕਲ ਨਾਟ ਅਲੀਜੀਬਲ |
| | | | | **ਮੈ: ਰਾਏ ਕੰਸਟ੍ਰਕਸ਼ਨ** | **ਟੈਕਨੀਕਲ ਅਲੀਜੀਬਲ** |
| 2 | Desilting of Sewer Line with Super Suction Machine in different area falling in different wards in North Constituency ZONE-3 | 24.70 | 4 | ਸ਼ਰੀਸ਼ਫਪੂਰਾ ਕੋ-ਆਪ ਐਲ.ਸੀ | ਟੈਕਨੀਕਲ ਨਾਟ ਅਲੀਜੀਬਲ |
| | | | | ਐਚ.ਪੀ ਕੋ-ਆਪ ਐਲ.ਸੀ | ਟੈਕਨੀਕਲ ਅਲੀਜੀਬਲ |
| | | | | ਮੈ: ਗੋਰਵ ਗੁਪਤਾ | ਟੈਕਨੀਕਲ ਨਾਟ ਅਲੀਜੀਬਲ |
| | | | | ਮੈ: ਰਾਏ ਕੰਸਟ੍ਰਕਸ਼ਨ | ਟੈਕਨੀਕਲ ਅਲੀਜੀਬਲ |
| 3 | Desilting of Sewer Line with Super Suction Machine in different area falling in different wards in North Constituency ZONE-4 | 28.07 | 3 | ਮਾਲਵਾ ਐਂਡ ਕੰਪਨੀ | ਟੈਕਨੀਕਲ ਅਲੀਜੀਬਲ |
| | | | | ਐਚ.ਪੀ ਕੋ-ਆਪ ਐਲ.ਸੀ | ਟੈਕਨੀਕਲ ਅਲੀਜੀਬਲ |
| | | | | ਮੈ: ਰਾਏ ਕੰਸਟ੍ਰਕਸ਼ਨ | ਟੈਕਨੀਕਲ ਅਲੀਜੀਬਲ |
| 4 | Desilting of Sewer Line with Super Suction Machine in different area falling in different wards in North Constituency ZONE-5 | 14.70 | 3 | ਸ਼ਰੀਸ਼ਫਪੂਰਾ ਕੋ-ਆਪ ਐਲ.ਸੀ | ਟੈਕਨੀਕਲ ਨਾਟ ਅਲੀਜੀਬਲ |
| | | | | ਐਚ.ਪੀ ਕੋ-ਆਪ ਐਲ.ਸੀ | ਟੈਕਨੀਕਲ ਅਲੀਜੀਬਲ |
| | | | | ਮੈ: ਰਾਏ ਕੰਸਟ੍ਰਕਸ਼ਨ | ਟੈਕਨੀਕਲ ਅਲੀਜੀਬਲ |
| 5 | Desilting of Sewer Line with Super Suction Machine in different area falling in different wards in North Constituency ZONE-5A | 12.22 | 4 | ਸ਼ਰੀਸ਼ਫਪੂਰਾ ਕੋ-ਆਪ ਐਲ.ਸੀ | ਟੈਕਨੀਕਲ ਨਾਟ ਅਲੀਜੀਬਲ |
| | | | | ਐਚ.ਪੀ ਕੋ-ਆਪ ਐਲ.ਸੀ | ਟੈਕਨੀਕਲ ਅਲੀਜੀਬਲ |
| | | | | ਮੈ: ਰਾਏ ਕੰਸਟ੍ਰਕਸ਼ਨ | ਟੈਕਨੀਕਲ ਅਲੀਜੀਬਲ |
| | | | | ਮੈਸਰਜ਼ ਜੈਨਟੈਕ ਇੰਜੀਨੀਅਰ | ਟੈਕਨੀਕਲ ਅਲੀਜੀਬਲ |
| 6 | Desilting of Sewer Line with Super Suction Machine in different area falling in different wards in North Constituency ZONE-6 | 21.45 | 3 | ਸ਼ਰੀਸ਼ਫਪੂਰਾ ਕੋ-ਆਪ ਐਲ.ਸੀ | ਟੈਕਨੀਕਲ ਨਾਟ ਅਲੀਜੀਬਲ |
| | | | | ਐਚ.ਪੀ ਕੋ-ਆਪ ਐਲ.ਸੀ | ਟੈਕਨੀਕਲ ਅਲੀਜੀਬਲ |
| | | | | ਮੈ: ਰਾਏ ਕੰਸਟ੍ਰਕਸ਼ਨ | ਟੈਕਨੀਕਲ ਅਲੀਜੀਬਲ |
| 7 | Desilting of Sewer Line with Super Suction Machine in different area falling in different wards in North Constituency ZONE-7 | 24.00 | 3 | ਮੈ: ਗੋਰਵ ਗੁਪਤਾ | ਟੈਕਨੀਕਲ ਨਾਟ ਅਲੀਜੀਬਲ |
| | | | | ਐਚ.ਪੀ ਕੋ-ਆਪ ਐਲ.ਸੀ | ਟੈਕਨੀਕਲ ਅਲੀਜੀਬਲ |
| | | | | ਮੈ: ਰਾਏ ਕੰਸਟ੍ਰਕਸ਼ਨ | ਟੈਕਨੀਕਲ ਅਲੀਜੀਬਲ |

ਉਪਰੋਕਤ ਦਰਸ਼ਾਏ ਟੇਬਲ ਅਨੁਸਾਰ ਲੜੀ ਨੰ: 2,4,6 ਅਤੇ 7 ਦੇ ਕੰਮਾਂ ਦੇ ਟੈਂਡਰਾਂ ਦੀਆਂ ਤਕਨੀਕੀ ਬਿਡਾਂ ਟੈਕਨੀਕਲ ਇਵੈਲੁਏਸ਼ਨ ਟੀਮ ਵੱਲੋਂ ਮਿਆਰ ਉਤੇ ਪੂਰੀਆਂ ਨਾ ਹੋਣ ਕਾਰਨ ਕੈਂਸਲ ਕਰਕੇ ਰਿ-ਕਾਲ ਕਰਨ ਲਈ ਕਿਹਾ ਗਿਆ। ਲੜੀ ਨੰ: 1,3 ਅਤੇ 5 ਦੇ ਕੰਮਾਂ ਦੀਆਂ 3-3 ਬਿਡਾਂ ਮਿਆਰ ਪੱਖੋ ਪੂਰੀਆਂ ਸਨ, ਪਰੰਤੂ ਇਹ ਟੈਂਡਰਾਂ ਵਿੱਚ ਸਟਾਰ ਰੇਟ ਦੀ ਕੰਡੀਸ਼ਨਜ਼ ਹੋਣ ਕਾਰਨ ਇਹਨਾਂ ਟੈਂਡਰਾਂ ਦੀਆਂ ਵਿੱਤੀ ਬਿਡਾਂ ਨੂੰ ਬਾਕੀ ਬੱਚਦੇ ਟੈਂਡਰ ਆਉਣ ਉਪਰੰਤ ਹੀ ਖੋਲੀਆਂ ਜਾਣੀਆਂ ਸਨ। (ਲੜੀ ਨੰ: 2,4,6 ਅਤੇ 7 ਦੇ ਟੈਂਡਰਾਂ)

**<u>ਤੀਸਰੀ ਬਾਰੀ</u>**:- ਬਾਕੀ ਬੱਚਦੇ ਕੰਮਾਂ ਦੇ ਟੈਂਡਰ (ਜ਼ੋਨ ਨੰ: 3,5,6 ਅਤੇ 7) ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਟੂ ਸਟੇਜ ਸਿਸਟਮ ਅਧੀਨ ਸੁਸਾਈਟੀਆਂ/ਠੇਕੇਦਾਰਾਂ ਤੋ ਮਿਤੀ 07.1.20 ਲਈ ਮੰਗੇ ਗਏ, ਪਰੰਤੂ ਪੰਜਾਬ ਸਰਕਾਰ ਸਹਿਕਾਰਤਾ ਵਿਭਾਗ ਵੱਲੋਂ ਨੋਟੀਫਿਕੇਸ਼ਨ ਨੰ: 76/52/79-ਸੀ.1(5)/8856 ਮਿਤੀ 04.11.19 ਰਾਹੀਂ ਨਗਰ ਨਿਗਮ ਨੂੰ ਪ੍ਰਾਪਤ ਹੋਇਆ, ਜਿਸ ਵਿੱਚ ਸੁਸਾਈਟੀਆਂ ਨੂੰ ਨਵੇ ਲਗਾਉਣ ਵਾਲੇ ਟੈਂਡਰਾਂ ਵਿੱਚ ਪਹਿਲ ਦੇਣ ਬਾਰੇ ਕਿਹਾ ਗਿਆ ਸੀ। ਇਸ ਪੱਤਰ ਨੂੰ ਮੁੱਖ ਰੱਖਦੇ ਹੋਏ ਇਹਨਾਂ ਟੈਂਡਰਾਂ ਨੂੰ ਮੁਲਤਵੀ ਕਰਦੇ ਹੋਏ ਕਾਰਿਜੰਡਮ ਜਾਰੀ ਕੀਤਾ ਗਿਆ, ਜਿਸ ਵਿੱਚ ਸੁਸਾਈਟੀ ਲਈ ਮਿਤੀ 15.01.2020 ਰਾਹੀਂ ਟੈਂਡਰ ਮੰਗੇ ਗਏ, ਪ੍ਰਾਪਤ ਹੋਇਆ ਤਕਨੀਕੀ ਬਿਡਾਂ ਖੋਲੀਆਂ ਗਈਆਂ ਜਿਹਨਾ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

**ਤੀਸਰੀ ਬਾਰੀ ਟੈਂਡਰ**

| ਲੜੀ ਨੰ: | ਕੰਮ ਦਾ ਨਾਮ | ਤਖਮੀਨਾ ਰੁਪਏ ਲੱਖਾਂ ਵਿੱਚ | ਪ੍ਰਾਪਤ ਟੈਂਡਰ | ਸੁਸਾਈਟੀ ਦਾ ਨਾਮ | ਵਿਸ਼ੇਸ਼ ਕੱਥਨ |
|---|---|---|---|---|---|
| 1 | Desilting of Sewer Line with Super Suction Machine in different area falling in different wards in North Constituency ZONE-3 | 24.70 | 1 | ਐਚ.ਪੀ ਕੋ-ਆਪ ਐਲ.ਸੀ | ਟੈਕਨੀਕਲ ਅਲੀਜੀਬਲ |
| | | | | | ਐਨ.ਆਈ.ਟੀ ਦੀ ਸ਼ਰਤ ਅਨੁਸਾਰ ਕਿਸੇ ਵੀ ਸੁਸਾਈਟੀ ਜਾਂ ਠੇਕੇਦਾਰ ਨੂੰ 2 ਤੋ ਜਿਆਦਾ ਜ਼ੋਨਾਂ ਦਾ ਕੰਮ ਅਲਾਟ ਨਹੀ ਕੀਤੇ ਜਾਣ ਕਾਰਨ ਇਸ ਕੰਮ ਨੂੰ ਰਿ-ਕਾਲ ਕੀਤਾ ਗਿਆ। |
| 2 | Desilting of Sewer Line with Super Suction Machine in different area falling in different wards in North Constituency ZONE-5 | 14.70 | 1 | ਐਚ.ਪੀ ਕੋ-ਆਪ ਐਲ.ਸੀ | ਟੈਕਨੀਕਲ ਅਲੀਜੀਬਲ |

| | | | | | |
|---|---|---|---|---|---|
| 3 | Desilting of Sewer Line with Super Suction Machine in different area falling in different wards in North Constituency ZONE-6 | 21.45 | 1 | ਐਚ.ਪੀ ਕੋ-ਆਪ ਐਲ.ਸੀ | ਟੈਕਨੀਕਲ ਅਲੀਜੀਬਲ<br>ਐਨ.ਆਈ.ਟੀ ਦੀ ਸ਼ਰਤ ਅਨੁਸਾਰ ਕਿਸੇ ਵੀ ਸੁਸਾਈਟੀ ਜਾਂ ਠੇਕੇਦਾਰ ਨੂੰ 2 ਤੋ ਜਿਆਦਾ ਜ਼ੋਨਾਂ ਦਾ ਕੰਮ ਅਲਾਟ ਨਹੀ ਕੀਤੇ ਜਾਣ ਕਾਰਨ ਇਸ ਕੰਮ ਨੂੰ ਰਿ-ਕਾਲ ਕੀਤਾ ਗਿਆ। |
| 4 | Desilting of Sewer Line with Super Suction Machine in different area falling in different wards in North Constituency ZONE-7 | 24.00 | 1 | ਐਚ.ਪੀ ਕੋ-ਆਪ ਐਲ.ਸੀ | ਟੈਕਨੀਕਲ ਅਲੀਜੀਬਲ |

ਉਪਰੋਕਤ ਦਰਸ਼ਾਏ ਟੇਬਲ ਅਨੁਸਾਰ ਲੜੀ ਨੰ: 1 ਤੋ 4 ਤੱਕ ਦੇ ਕੰਮਾਂ ਦੇ ਟੈਂਡਰਾਂ ਦੀਆਂ ਤਕਨੀਕੀ ਬਿਡਾਂ ਟੈਕਨੀਕਲ ਇਵੈਲੁਏਸ਼ਨ ਟੀਮ ਵੱਲੋਂ ਘੋਖੀਆਂ ਗਈਆਂ ਅਤੇ ਮਿਆਰ ਪਖੋ ਪੂਰੀਆਂ ਪਾਇਆ ਗਈਆਂ। ਇਥੇ ਇਹ ਦਸਿਆ ਜਾਂਦਾ ਹੈ ਕਿ ਕੇਵਲ ਇਕੋ ਹੀ ਸੁਸਾਈਟੀ ਵੱਲੋਂ ਚਾਰੇ ਕੰਮਾਂ ਦੇ ਟੈਂਡਰਾਂ ਵਿੱਚ ਹਿੱਸਾ ਲਿਆ ਗਿਆ, ਪਰੰਤੂ ਐਨ.ਆਈ.ਟੀ ਦੀ ਸ਼ਰਤ ਅਨੁਸਾਰ ਉਪਰੋਕਤ ਸੁਸਾਈਟੀ ਨੂੰ ਕੇਵਲ 2 ਕੰਮ ਹੀ ਅਲਾਟ ਕੀਤੇ ਜਾ ਸਕਦੇ ਸਨ। ਇਸ ਲਈ ਮੈਸਰਜ਼ ਐਚ.ਪੀ ਕੋ-ਆਪ ਐਲ.ਸੀ ਸੁਸਾਈਟੀ ਦੇ 2 ਕੰਮਾਂ ਦੇ ਟੈਂਡਰ ਲੜੀ ਨੰ: 2 ਅਤੇ 4 (ਜ਼ੋਨ ਨੰ: 5 ਅਤੇ 7) ਦੇ ਪ੍ਰਵਾਨ ਕਰਦੇ ਹੋਏ ਬਾਕੀ ਦੇ ਕੰਮ ਲੜੀ ਨੰ: 1 ਅਤੇ 3 (ਜ਼ੋਨ ਨੰ: 3 ਅਤੇ 6) ਦੇ ਰਿ-ਕਾਲ ਕਰਦੇ ਹੋਏ ਠੇਕੇਦਾਰ ਕੋਲੋ ਮਿਤੀ 27.01.2020 ਨੂੰ ਟੈਂਡਰ ਮੰਗੇ ਗਏ, ਪ੍ਰਾਪਤ ਹੋਇਆ ਤਕਨੀਕੀ ਬਿਡਾਂ ਖੋਲੀਆਂ ਗਈਆਂ ਜਿਹਨਾ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| **ਤੀਸਰੀ ਬਾਰੀ ਟੈਂਡਰ** | | | | | |
|---|---|---|---|---|---|
| ਲੜੀ ਨੰ: | ਕੰਮ ਦਾ ਨਾਮ | ਤਖਮੀਨਾ ਰੁਪਏ ਲੱਖਾਂ ਵਿੱਚ | ਪ੍ਰਾਪਤ ਟੈਂਡਰ | ਠੇਕੇਦਾਰ ਦਾ ਨਾਮ | ਵਿਸ਼ੇਸ਼ ਕੱਥਨ |
| 1 | Desilting of Sewer Line with Super Suction Machine in different area falling in different wards in North Constituency ZONE-3 | 24.70 | 1 | ਮੈ: ਰਾਏ ਕੰਸਟ੍ਰਕਸ਼ਨ | ਟੈਕਨੀਕਲ ਅਲੀਜੀਬਲ |
| 2 | Desilting of Sewer Line with Super Suction Machine in different area falling in different wards in North Constituency ZONE-6 | 21.45 | 1 | ਮੈ: ਰਾਏ ਕੰਸਟ੍ਰਕਸ਼ਨ | ਟੈਕਨੀਕਲ ਅਲੀਜੀਬਲ |

ਉਪਰੋਕਤ ਦਰਸ਼ਾਏ ਟੇਬਲ ਅਨੁਸਾਰ ਕੰਮਾਂ ਦੇ ਟੈਂਡਰਾਂ ਦੀ ਤਕਨੀਕੀ ਬਿਡਾਂ ਟੈਕਨੀਕਲ ਇਵੈਲੁਏਸ਼ਨ ਟੀਮ ਵੱਲੋਂ ਘੋਖੀਆਂ ਗਈਆਂ, ਜ਼ੋ ਮਿਆਰ ਪਖੋ ਪੂਰੀਆਂ ਸਨ।

ਸਾਰੇ ਕੰਮਾਂ ਦੇ ਟੈਂਡਰ ਪ੍ਰਾਪਤ ਹੋਣ ਉਪਰੰਤ ਮਿਤੀ 29.01.2020 ਨੂੰ ਇਹਨਾਂ ਕੰਮਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਜਿਹਨਾ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਕੰਮ ਦਾ ਨਾਮ ਅਤੇ ਹਲਕਾ | ਤਖਮੀਨਾ ਰੁਪਏ | ਅਜੰਸੀ ਦਾ ਨਾਮ | | ਸੇਵਿੰਗ |
|---|---|---|---|---|---|
| 1 | Desilting of Sewer Line with Super Suction Machine in different area falling in different wards in North Constituency ZONE-2 | 24.00 | ਮੈ: ਰਾਏ ਕੰਸਟ੍ਰਕਸ਼ਨ | L1 | 15.30% |
| | | | ਮੈ: ਜੈਨਟੈਕ ਇੰਜੀਨੀਅਰਜ਼ | L2 | 7.50% |
| | | | ਐਚ.ਪੀ ਕੋ-ਆਪ ਐਲ.ਸੀ | L3 | 5.20% |
| 2 | Desilting of Sewer Line with Super Suction Machine in different area falling in different wards in North Constituency ZONE-3 | 24.70 | ਮੈ: ਰਾਏ ਕੰਸਟ੍ਰਕਸ਼ਨ | L1 | 18.00% |
| 3 | Desilting of Sewer Line with Super Suction Machine in different area falling in different wards in North Constituency ZONE-4 | 28.07 | ਮੈ: ਰਾਏ ਕੰਸਟ੍ਰਕਸ਼ਨ | L1 | 15.30% |
| | | | ਮੈ: ਮਾਲਵਾ ਐਂਡ ਕੰਪਨੀ | L2 | 5.50% |
| | | | ਐਚ.ਪੀ ਕੋ-ਆਪ ਐਲ.ਸੀ | L3 | 5.10% |
| 4 | Desilting of Sewer Line with Super Suction Machine in different area falling in different wards in North Constituency ZONE-5 | 14.70 | ਐਚ.ਪੀ ਕੋ-ਆਪ ਐਲ.ਸੀ | L1 | 6.15% |
| 5 | Desilting of Sewer Line with Super Suction Machine in different area falling in different wards in North Constituency ZONE-5A | 12.22 | ਮੈ: ਰਾਏ ਕੰਸਟ੍ਰਕਸ਼ਨ | L1 | 15.30% |
| | | | ਮੈ: ਜੈਨਟੈਕ ਇੰਜੀਨੀਅਰਜ਼ | L2 | 7.50% |
| | | | ਐਚ.ਪੀ ਕੋ-ਆਪ ਐਲ.ਸੀ | L3 | 5.12% |
| 6 | Desilting of Sewer Line with Super Suction Machine in different area falling in different wards in North Constituency ZONE-6 | 21.45 | ਮੈ: ਰਾਏ ਕੰਸਟ੍ਰਕਸ਼ਨ | L1 | 18.00% |
| 7 | Desilting of Sewer Line with Super Suction Machine in different area falling in different wards in North Constituency ZONE-7 | 24.00 | ਐਚ.ਪੀ ਕੋ-ਆਪ ਐਲ.ਸੀ | L1 | 6.20% |

ਉਪਰੋਕਤ ਦਰਸ਼ਾਏ ਟੇਬਲ ਅਨੁਸਾਰ ਇਹਨਾਂ ਕੰਮਾਂ ਲਈ ਵਿਸਤਾਰਪੂਰਵਕ ਐਨ.ਆਈ.ਟੀ, ਟਰਮਜ਼ ਕੰਡੀਸ਼ਨਜ਼ ਅਤੇ ਅਲੀਜੀਬਿਲਟੀ ਕਰਾਈਟੀਰਿਆ ਤਿਆਰ ਕਰਕੇ ਐਨ.ਆਈ.ਟੀ ਦੀਆਂ ਸ਼ਰਤਾਂ ਅਨੁਸਾਰ ਇਹਨਾਂ ਕੰਮਾਂ ਲਈ ਪ੍ਰਾਪਤ ਟੈਂਡਰਾਂ ਵਿੱਚੋ **ਸਟਾਰ ਰੇਟ 18% ਪ੍ਰਾਪਤ ਹੋਇਆ।** ਵੱਖ-ਵੱਖ ਜ਼ੋਨਾਂ ਦੇ ਕੰਮ ਸਟਾਰ ਰੇਟ ਅਨੁਸਾਰ ਠੇਕੇਦਾਰ/ਸੁਸਾਈਟੀਆਂ ਅਲਾਟ ਕਰਨ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

**ਜ਼ੋਨ ਨੰ: 2 (ਦੂਸਰੀ ਬਾਰੀ)** ਦੇ ਕੰਮਾਂ 3 ਟੈਂਡਰ ਪ੍ਰਾਪਤ ਹੋਏ ਹਨ, ਜਿਸ ਵਿੱਚ ਘੱਟ ਰੇਟਾਂ ਦਾ ਟੈਂਡਰ ਮੈਸਰਜ਼ ਰਾਏ ਕੰਸਟ੍ਰਕਸ਼ਨ ਦਾ ਹੈ, ਜਿਸ ਨੇ 15.30% ਸੇਵਿੰਗ ਆਫਰ ਕੀਤੀ ਹੈ, ਪਰੰਤੂ ਐਨ.ਆਈ.ਟੀ ਦੀ ਕੰਡੀਸ਼ਨਜ਼ ਅਨੁਸਾਰ ਇਹ ਕੰਮ **ਮੈਸਰਜ਼ ਜੈਨਟੈਕ ਇੰਜੀਨੀਅਰ** L2 ਨੂੰ 18% ਸੇਵਿੰਗ ਤੇ ਕੰਮ ਅਲਾਟ ਕੀਤਾ ਜਾਣਾ ਬਣਦਾ ਹੈ।

**ਜ਼ੋਨ ਨੰ: 3 (ਤੀਸਰੀ ਬਾਰੀ)** ਦੇ ਕੰਮ ਦਾ 1 ਟੈਂਡਰ ਪ੍ਰਾਪਤ ਹੋਏ ਹਨ, ਜਿਸ ਵਿੱਚ ਘੱਟ ਰੇਟਾਂ ਦਾ ਟੈਂਡਰ **ਮੈਸਰਜ਼ ਰਾਏ ਕੰਸਟ੍ਰਕਸ਼ਨ** ਦਾ ਹੈ, ਜਿਸ ਨੇ 18% ਸੇਵਿੰਗ ਆਫਰ ਕੀਤੀ ਹੈ ਅਤੇ ਸਟਾਰ ਰੇਟ ਕੰਡੀਸ਼ਨ ਅਨੁਸਾਰ ਇਸ ਠੇਕੇਦਾਰ ਦਾ ਰੇਟ ਸਬ ਤੋ ਲੋਐਸਟ ਬਣਦਾ ਹੈ।

**ਜ਼ੋਨ ਨੰ: 4** (ਦੂਸਰੀ ਬਾਰੀ) ਦੇ ਕੰਮਾਂ 3 ਟੈਂਡਰ ਪ੍ਰਾਪਤ ਹੋਏ ਹਨ, ਜਿਸ ਵਿੱਚ ਘੱਟ ਰੇਟਾਂ ਦਾ ਟੈਂਡਰ **ਮੈਸਰਜ਼ ਰਾਏ ਕੰਸਟ੍ਰਕਸ਼ਨ** ਦਾ ਹੈ, ਜਿਸ ਨੇ 15.30% ਸੇਵਿੰਗ ਆਫਰ ਕੀਤੀ ਹੈ, ਪਰੰਤੂ ਐਨ.ਆਈ.ਟੀ ਦੀ ਕੰਡੀਸ਼ਨਜ਼ ਅਨੁਸਾਰ ਇਸ ਅਜੰਸੀ ਨੂੰ 18% ਸੇਵਿੰਗ ਤੇ ਕੰਮ ਅਲਾਟ ਕੀਤਾ ਜਾਣਾ ਬਣਦਾ ਹੈ।

**ਜ਼ੋਨ ਨੰ: 5** (ਤੀਸਰੀ ਬਾਰੀ) ਦੇ ਕੰਮ ਦਾ 1 ਟੈਂਡਰ ਪ੍ਰਾਪਤ ਹੋਏ ਹਨ, ਜਿਸ ਵਿੱਚ ਘੱਟ ਰੇਟਾਂ ਦਾ ਟੈਂਡਰ **ਮੈਸਰਜ਼ ਐਚ.ਪੀ. ਕੋ-ਆਪ ਐਲ.ਸੀ ਸੁਸਾਈਟੀ** ਦਾ ਹੈ, ਜਿਸ ਨੇ 6.15% ਸੇਵਿੰਗ ਆਫਰ ਕੀਤੀ ਹੈ ਪਰੰਤੂ ਐਨ.ਆਈ.ਟੀ ਦੀ ਕੰਡੀਸ਼ਨਜ਼ ਅਨੁਸਾਰ ਇਸ ਅਜੰਸੀ ਨੂੰ 18% ਸੇਵਿੰਗ ਤੇ ਕੰਮ ਅਲਾਟ ਕੀਤਾ ਜਾਣਾ ਬਣਦਾ ਹੈ।

**ਜ਼ੋਨ ਨੰ: 5ਏ** (ਦੂਸਰੀ ਬਾਰੀ) ਦੇ ਕੰਮਾਂ 3 ਟੈਂਡਰ ਪ੍ਰਾਪਤ ਹੋਏ ਹਨ, ਜਿਸ ਵਿੱਚ ਘੱਟ ਰੇਟਾਂ ਦਾ ਟੈਂਡਰ **ਮੈਸਰਜ਼ ਰਾਏ ਕੰਸਟ੍ਰਕਸ਼ਨ** ਦਾ ਹੈ, ਜਿਸ ਨੇ 15.30% ਸੇਵਿੰਗ ਆਫਰ ਕੀਤੀ ਹੈ ਪਰੰਤੂ ਐਨ.ਆਈ.ਟੀ ਦੀ ਕੰਡੀਸ਼ਨਜ਼ ਅਨੁਸਾਰ ਇਸ ਅਜੰਸੀ ਨੂੰ 18% ਸੇਵਿੰਗ ਤੇ ਕੰਮ ਅਲਾਟ ਕੀਤਾ ਜਾਣਾ ਬਣਦਾ ਹੈ।

**ਜ਼ੋਨ ਨੰ: 6 (ਤੀਸਰੀ ਬਾਰੀ)** ਦੇ ਕੰਮ ਦਾ 1 ਟੈਂਡਰ ਪ੍ਰਾਪਤ ਹੋਏ ਹਨ, ਜਿਸ ਵਿੱਚ ਘੱਟ ਰੇਟਾਂ ਦਾ ਟੈਂਡਰ **ਮੈਸਰਜ਼ ਰਾਏ ਕੰਸਟ੍ਰਕਸ਼ਨ** ਦਾ ਹੈ, ਜਿਸ ਨੇ 18% ਸੇਵਿੰਗ ਆਫਰ ਕੀਤੀ ਹੈ ਅਤੇ ਸਟਾਰ ਰੇਟ ਕੰਡੀਸ਼ਨ ਅਨੁਸਾਰ ਇਸ ਠੇਕੇਦਾਰ ਦਾ ਰੇਟ ਸਬ ਤੋ ਲੋਐਸਟ ਬਣਦਾ ਹੈ।

**ਜ਼ੋਨ ਨੰ: 7** (ਤੀਸਰੀ ਬਾਰੀ) ਦੇ ਕੰਮ ਦਾ 1 ਟੈਂਡਰ ਪ੍ਰਾਪਤ ਹੋਏ ਹਨ, ਜਿਸ ਵਿੱਚ ਘੱਟ ਰੇਟਾਂ ਦਾ ਟੈਂਡਰ **ਮੈਸਰਜ਼ ਐਚ.ਪੀ. ਕੋ-ਆਪ ਐਲ.ਸੀ ਸੁਸਾਈਟੀ** ਦਾ ਹੈ, ਜਿਸ ਨੇ 6.20% ਸੇਵਿੰਗ ਆਫਰ ਕੀਤੀ ਹੈ ਪਰੰਤੂ ਐਨ.ਆਈ.ਟੀ ਦੀ ਕੰਡੀਸ਼ਨਜ਼ ਅਨੁਸਾਰ ਇਸ ਅਜੰਸੀ ਨੂੰ 18% ਸੇਵਿੰਗ ਤੇ ਕੰਮ ਅਲਾਟ ਕੀਤਾ ਜਾਣਾ ਬਣਦਾ ਹੈ।

ਐਨ.ਆਈ.ਟੀ ਦੀਆਂ ਸ਼ਰਤਾਂ ਨੂੰ ਮੁੱਖ ਰੱਖਦੇ ਹੋਏ ਉਪਰੋਕਤ ਅਨੁਸਾਰ ਵੱਖ-ਵੱਖ ਸੁਸਾਈਟੀਆਂ/ਠੇਕੇਦਾਰਾਂ ਨੂੰ ਸਟਾਰ ਰੇਟ ਤੇ (18% ਸੇਵਿੰਗ) ਤੇ ਟੈਂਡਰ ਪ੍ਰਵਾਨ ਕਰਨ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ। ਨਿਗਰਾਨ ਇੰਜੀਨੀਅਰ (ਲਾਈਟ) ਨੇ ਮਿਤੀ 30.1.2020 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਕਰਨ ਦੀ ਸ਼ਿਫਾਰਸ਼ ਕੀਤੀ ਹੈ।ਕਮਿਸ਼ਨਰ ਜੀ ਨੇ ਮਿਤੀ 31.1.2020 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 4.2.2020 ਰਾਹੀਂ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ

ਫੈਸਲਾ :

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

13.2.2020

**ਮਤਾ ਨੰਬਰ:-43**

ਵਿਸ਼ਾ:- ਸ਼ਹਿਰ ਦੀਆਂ ਸਟਰੀਟ ਲਾਇਟਾਂ ਦੇ ਰੱਖ-ਰੱਖਾਵ ਬਾਬਤ ਜ਼ੋਨ ਵਾਈਜ਼ ਟੈਂਡਰਾਂ ਦੀ ਪ੍ਰਵਾਨਗੀ ਬਾਰੇ। (ਈ-ਟੈਂਡਰ ਪ੍ਰਵਾਨਗੀ ਹਿੱਤ)

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਲਾਈਟ) ਮਿਤੀ 30.1.2020 ਕਿ ਨਗਰ ਨਿਗਮ ਜਲੰਧਰ ਸ਼ਹਿਰ ਦੇ ਅੰਦਰ ਲਗੀਆਂ ਸਟਰੀਟ ਲਾਇਟਾਂ ਦੇ ਰੱਖ-ਰੱਖਾਵ ਦਾ ਕੰਮ 7-ਜ਼ੋਨਾਂ ਵਾਇਜ਼ ਵਿੱਚ ਵੰਡਿਆ ਹੋਇਆ ਹੈ। ਜ਼ੋਨ ਵਾਇਜ ਸਟਰੀਟ ਲਾਇਟਾਂ ਦੇ ਰੱਖ ਰੱਖਾਵ ਦਾ ਕੰਮ ਠੇਕੇ ਤੇ ਕਰਵਾਇਆ ਜਾ ਹਿਰਾ ਹੈ, ਇਹਨਾਂ ਕੰਮਾਂ ਦੀ ਮਿਆਦ ਮਿਤੀ 31.01.2020 ਨੂੰ ਖਤਮ ਹੋ ਰਹੀ ਹੈ। ਸ਼ਹਿਰ ਦੇ ਸਟਰੀਟ ਲਾਇਟਾਂ ਦੇ ਕੰਮਾਂ ਨੂੰ ਸੁਚਾਰੂ ਢੰਗ ਅਤੇ ਲੋਕ ਹਿੱਤ ਨੂੰ ਮੁੱਖ ਰੱਖਦੇ ਹੋਏ ਇਹਨਾ ਕੰਮਾਂ ਦੇ ਵੱਖ-ਵੱਖ ਤਖਮੀਨੇ ਜ਼ੋਨ ਵਾਇਜ਼ ਤਿਆਰ ਕੀਤੇ ਗਏ। ਜਿਹਨਾ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਨੇ ਅਪਣੇ ਮਤਾ ਨੰ: 87 (1 ਤੋ 7) ਮਿਤੀ 29.11.19 ਰਾਹੀਂ ਦਿੱਤੀ। ਇਹਨਾਂ ਕੰਮਾਂ ਲਈ ਵਿਸਤਾਰਪੂਰਵਕ ਐਨ.ਆਈ.ਟੀ, ਟਰਮਜ਼ ਕੰਡੀਸ਼ਨਜ਼ ਅਤੇ ਅਲੀਜੀਬਿਲਟੀ ਕਰਾਈਟੀਰਿਆ ਤਿਆਰ ਕਰਕੇ ਵੱਖ-ਵੱਖ ਜ਼ੋਨਾਂ ਦੇ ਕੰਮ ਪਹਿਲੀ ਬਾਰੀ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 03.12.19 ਮੰਗੇ ਗਏ। ਸਾਰੇ ਕੰਮਾਂ ਦੇ 3-3 ਟੈਂਡਰ ਪ੍ਰਾਪਤ ਹੋਏ। ਇਹਨਾ ਟੈਂਡਰਾਂ ਦੀਆਂ ਤਕਨੀਕੀ ਬਿਡਾਂ ਮਿਆਰ ਪਖੋ ਪੂਰੀਆਂ ਹੋਣ ਕਾਰਨ ਇਹਨਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ। ਇਹਨਾਂ ਟੈਂਡਰਾਂ ਦੀ ਪ੍ਰਵਾਨਗੀ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਗਿਆ। **ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 217 ਮਿਤੀ 20.12.2019 ਰਾਹੀਂ ਇਹ ਫੈਸਲਾ ਹੋਇਆ ਕਿ ਟੈਂਡਰਾਂ ਨੂੰ ਰੱਦ ਕਰਦੇ ਹੋਏ, ਦੁਬਾਰਾ ਟੈਂਡਰ ਮੰਗੇ ਜਾਣ।**

ਇਹਨਾ ਕੰਮਾਂ ਦੇ ਟੈਂਡਰ ਦੂਸਰੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 10.01.2020 ਨੂੰ ਮੰਗੇ ਗਏ। ਜ਼ੋਨ ਨੰ: 1,2,4 ਅਤੇ 7 ਦੇ ਕੰਮਾਂ ਦੇ ਸਿਰਫ 1-1 ਟੈਂਡਰ ਪ੍ਰਾਪਤ ਹੋਏ, ਅਤੇ ਜ਼ੋਨ ਨੰ: 3,5 ਅਤੇ 6 ਦੇ ਕੰਮਾਂ ਦਾ ਕੋਈ ਟੈਂਡਰ ਪ੍ਰਾਪਤ ਨਹੀ ਹੋਇਆ। ਸਰਕਾਰ ਦੀ ਨੋਟੀਫਿਕੇਸ਼ਨ ਅਤੇ ਐਸ.ਓ.ਪੀ ਦੀ ਕੰਡੀਸ਼ਨਜ਼ ਅਨੁਸਾਰ ਜ਼ੋਨ ਨੰ: 1,2,4 ਅਤੇ 7 ਦੇ ਕੰਮਾਂ ਦੀਆਂ ਘੱਟ ਬਿਡਾਂ (1-1) ਪ੍ਰਾਪਤ ਹੋਣ ਅਤੇ ਜ਼ੋਨ ਨੰ: 3,5 ਅਤੇ 6 ਦੇ ਕੰਮਾਂ ਦੀ ਕੋਈ ਬਿਡ ਪ੍ਰਾਪਤ ਨਾ ਹੋਣ ਕਾਰਨ ਇਹਨਾ ਸਾਰੇ ਟੈਂਡਰਾਂ ਨੂੰ ਮਿਤੀ 10.01.2020 ਨੂੰ ਰੱਦ ਕਰਦੇ ਹੋਏ ਰਿ-ਕਾਲ ਕੀਤੇ ਗਏ।

ਇਹਨਾਂ ਕੰਮਾਂ ਦੇ ਟੈਂਡਰ ਤੀਸਰੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 20.01.20 ਮੰਗੇ ਗਏ, ਜਿਸ ਵਿੱਚ ਜ਼ੋਨ ਨੰ: 1 ਤੋ 4 ਅਤੇ 7 ਦੇ ਕੰਮਾਂ ਦੀਆਂ 1-1 ਬਿਡ ਪ੍ਰਾਪਤ ਹੋਈ, ਜਦ ਕਿ ਜ਼ੋਨ ਨੰ: 5-6 ਦੇ ਕੰਮਾਂ ਦੀਆਂ 2-2 ਬਿਡਾਂ ਪ੍ਰਾਪਤ ਹੋਇਆ। ਇਹਨਾਂ ਟੈਂਡਰਾਂ ਦੀਆਂ ਤਕਨੀਕੀ ਬਿਡਾਂ ਦੀ ਇਵੈਲੁਏਸ਼ਨ, ਟੈਕਨੀਕਲ ਇਵੈਲੁਏਸ਼ਨ ਟੀਮ ਵੱਲੋਂ ਕੀਤੀਆਂ ਗਈਆਂ, ਜਿਸ ਅਨੁਸਾਰ ਜ਼ੋਨ ਨੰ: 5 ਅਤੇ 6 ਦੇ ਕੰਮਾਂ ਦੇ ਠੇਕੇਦਾਰ ਮੈਸਰਜ਼ ਭਾਗਵਤ ਇੰਜੀਨੀਅਰਜ਼ ਐਂਡ ਕੰਟਰੈਕਟਰ ਦੀ ਤਕਨੀਕੀ ਬਿਡ ਮਿਆਰ ਪੱਖੋ ਪੂਰੇ ਨਾ ਹੋਣ ਕਾਰਨ ਇਹਨਾ ਦੀਆਂ ਬਿਡਾਂ ਰੱਦ ਕਰਦੇ ਹੋਏ, ਬਾਕੀ ਦੇ ਠੇਕੇਦਾਰਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ, ਜਿਹਨਾ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਸਟਰੀਟ ਲਾਇਟਾਂ ਦੇ ਰੱਖ ਰੱਖਾਵ ਦੇ ਕੰਮ ਬਾਰੇ। ਜ਼ੋਨ ਨੰ: | ਤਖਮੀਨਾ ਰੁਪਏ | ਅਜੰਸੀ ਦਾ ਨਾਮ | ਸੇਵਿੰਗ |
|---|---|---|---|---|
| 1 | ਜ਼ੋਨ 1 | 5013332/- | **ਮੈਸ: ਸਰੀਨ ਕੰਟਰੈਕਟਰ** | **3.95%** |
| 2 | ਜ਼ੋਨ 2 | 5550464/- | **ਜਗਦੀਸ਼ ਇਲੈਕਟ੍ਰਿਕ ਵਰਕਸ** | **3.99%** |
| 3 | ਜ਼ੋਨ 3 | 5334204/- | **ਐਸ ਕੇ ਈ ਇੰਜੀਨੀਅਰਜ਼** | **4.00%** |
| 4 | ਜ਼ੋਨ 4 | 8100727/- | **ਤਰਨਤਾਰਨ ਇਲੈਕਟ੍ਰਿਕ ਕੰਪਨੀ** | **4.30%** |
| 5 | ਜ਼ੋਨ 5 | 6007476/- | **ਲੂਥਰਾ ਐਂਟਰਪ੍ਰਾਇਸਿਜ਼** | **3.50%** |
| 6 | ਜ਼ੋਨ 6 | 6180684/- | **ਲੂਥਰਾ ਐਂਟਰਪ੍ਰਾਇਸਿਜ਼** | **3.93%** |
| 7 | ਜ਼ੋਨ 7 | 4103295/- | **ਗੁਰਮ ਇਲੈਕਟ੍ਰਿਕਲ** | **4.00%** |

ਨਗਰ ਨਿਗਮ ਵੱਲੋਂ ਪ੍ਰਕਾਸ਼ਿਤ ਐਨ.ਆਈ.ਟੀ ਦੀਆਂ ਟਰਮਜ਼ ਕੰਡੀਸ਼ਨਜ਼ ਅਨੁਸਾਰ ਪ੍ਰਾਪਤ ਲੋਐਸਟ ਰੇਟ ਨੂੰ ਸਟਾਰ ਰੇਟ ਮੰਨ ਕੇ ਸਾਰੇ ਜ਼ੋਨਾਂ ਦਾ ਕੰਮ ਸਟਾਰ ਰੇਟ ਤੇ ਅਲਾਟ ਕੀਤਾ ਜਾਣਾ ਹੈ ਅਤੇ ਕਿਸੇ ਵੀ ਇਕ ਅਜੰਸੀ ਨੂੰ 2 ਤੋ ਵੱਧ ਜ਼ੋਨਾਂ ਦਾ ਕੰਮ ਅਲਾਟ ਨਹੀ ਕੀਤਾ ਜਾਣਾ ਹੈ। ਟੈਂਡਰ ਵਿੱਚ ਹਿੱਸਾ ਲੈਣ ਵਾਲੇ ਸਾਰੇ ਠੇਕੇਦਾਰਾਂ ਨੇ ਨਗਰ ਨਿਗਮ ਵੱਲੋਂ ਪ੍ਰਕਾਸ਼ਿਤ ਟਰਮਜ਼ ਕੰਡੀਸ਼ਨਜ਼ ਨੂੰ ਲਿਖਤੀ ਰੂਪ ਵਿੱਚ ਮੰਨਿਆ ਹੋਇਆ ਹੈ। ਉਪਰੋਕਤ ਟੇਬਲ ਅਨੁਸਾਰ ਲੋਐਸਟ ਰੇਟ (ਸਟਾਰ ਰੇਟ) **4.30% ਪ੍ਰਾਪਤ ਹੋਇਆ ਹੈ।**

ਜ਼ੋਨ ਨੰ: 1 ਵਿੱਚ ਮੈਸਰਜ਼ ਸਰੀਨ ਕੰਟਰੈਕਟਰ ਨੇ 3.95% ਸੇਵਿੰਗ ਆਫਰ ਕੀਤੀ ਹੈ, ਪਰੰਤੂ ਸਟਾਰ ਰੇਟ ਕੰਡੀਸ਼ਨ ਅਨੁਸਾਰ ਸਭ ਤੋ ਜਿਆਦਾ ਸੇਵਿੰਗ 4.30% ਪ੍ਰਾਪਤ ਹੋਈ ਹੈ।

ਜ਼ੋਨ ਨੰ: 2 ਵਿੱਚ ਮੈਸਰਜ਼ ਜਗਦੀਸ਼ ਇਲੈਕਟ੍ਰਿਕਲ ਕੰਪਨੀ ਨੇ 3.99% ਸੇਵਿੰਗ ਆਫਰ ਕੀਤੀ ਹੈ, ਪਰੰਤੂ ਸਟਾਰ ਰੇਟ ਕੰਡੀਸ਼ਨ ਅਨੁਸਾਰ ਸਭ ਤੋ ਜਿਆਦਾ ਸੇਵਿੰਗ 4.30% ਪ੍ਰਾਪਤ ਹੋਈ ਹੈ।

ਜ਼ੋਨ ਨੰ: 3 ਵਿੱਚ ਮੈਸਰਜ਼ ਐਸ ਕੇ ਈ ਇੰਜੀਨੀਅਰਜ਼ ਨੇ 4.00% ਸੇਵਿੰਗ ਆਫਰ ਕੀਤੀ ਹੈ, ਪਰੰਤੂ ਸਟਾਰ ਰੇਟ ਕੰਡੀਸ਼ਨ ਅਨੁਸਾਰ ਸਭ ਤੋ ਜਿਆਦਾ ਸੇਵਿੰਗ 4.30% ਪ੍ਰਾਪਤ ਹੋਈ ਹੈ।

ਜ਼ੋਨ ਨੰ: 4 ਵਿੱਚ ਮੈਸਰਜ਼ ਤਰਨਤਾਰਨ ਇਲੈਕਟ੍ਰਿਕਲ ਕੰਪਨੀ ਨੇ 4.30% ਸੇਵਿੰਗ ਆਫਰ ਕੀਤੀ ਹੈ ਅਤੇ ਸਟਾਰ ਰੇਟ ਕੰਡੀਸ਼ਨ ਅਨੁਸਾਰ ਇਸ ਠੇਕੇਦਾਰ ਦਾ ਰੇਟ ਸਭ ਤੋ ਲੋਐਸਟ ਬਣਦਾ ਹੈ।

ਜ਼ੋਨ ਨੰ: 5 ਵਿੱਚ ਮੈਸਰਜ਼ ਲੂਥਰਾ ਐਂਟਰਪ੍ਰਾਇਸਿਜ਼ ਨੇ 3.50% ਸੇਵਿੰਗ ਆਫਰ ਕੀਤੀ ਹੈ, ਪਰੰਤੂ ਸਟਾਰ ਰੇਟ ਕੰਡੀਸ਼ਨ ਅਨੁਸਾਰ ਸਭ ਤੋ ਜਿਆਦਾ ਸੇਵਿੰਗ 4.30% ਪ੍ਰਾਪਤ ਹੋਈ ਹੈ।

ਜ਼ੋਨ ਨੰ: 6 ਵਿੱਚ ਮੈਸਰਜ਼ ਲੂਥਰਾ ਐਂਟਰਪ੍ਰਾਇਸਿਜ਼ ਨੇ 3.95% ਸੇਵਿੰਗ ਆਫਰ ਕੀਤੀ ਹੈ, ਪਰੰਤੂ ਸਟਾਰ ਰੇਟ ਕੰਡੀਸ਼ਨ ਅਨੁਸਾਰ ਸਬ ਤੋ ਜਿਆਦਾ ਸੇਵਿੰਗ 4.30% ਪ੍ਰਾਪਤ ਹੋਈ ਹੈ।

ਜ਼ੋਨ ਨੰ: 7 ਵਿੱਚ ਮੈਸਰਜ਼ ਗੁਰਮ ਇਲੈਕਟ੍ਰਿਕਲ ਨੇ 4.00% ਸੇਵਿੰਗ ਆਫਰ ਕੀਤੀ ਹੈ, ਪਰੰਤੂ ਸਟਾਰ ਰੇਟ ਕੰਡੀਸ਼ਨ ਅਨੁਸਾਰ ਸਭ ਤੋ ਜਿਆਦਾ ਸੇਵਿੰਗ 4.30% ਪ੍ਰਾਪਤ ਹੋਈ ਹੈ।

ਨਗਰ ਨਿਗਮ ਵੱਲੋਂ ਪ੍ਰਕਾਸ਼ਿਤ ਐਨ.ਆਈ.ਟੀ ਦੀਆਂ ਸ਼ਰਤਾਂ ਨੂੰ ਮੁੱਖ ਰੱਖਦੇ ਹੋਏ ਉਪਰੋਕਤ ਅਨੁਸਾਰ ਵੱਖ-ਵੱਖ ਠੇਕੇਦਾਰਾਂ ਨੂੰ ਸਟਾਰ ਰੇਟ ਵਾਲੀ ਐਨ.ਆਈ.ਟੀ ਦੀ ਕੰਡੀਸ਼ਨ ਅਨੁਸਾਰ 4.30% ਦੀ ਸੇਵਿੰਗ ਤੇ ਅਲਾਟ ਕਰਨਾ ਬਣਦਾ ਹੈ। ਇਸ ਲਈ ਇਹ ਕੇਸ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ। ਨਿਗਰਾਨ ਇੰਜੀਨੀਅਰ (ਲਾਈਟ) ਨੇ ਮਿਤੀ 30.1.2020 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਕਰਨ ਦੀ ਸ਼ਿਫਾਰਸ਼ ਕੀਤੀ ਹੈ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 4.2.2020 ਰਾਹੀਂ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਇਹ ਟੈਂਡਰ ਰੱਦ ਕੀਤਾ ਜਾਂਦਾ ਹੈ।ਇਸ ਕੰਮ ਦੇ ਦੁਬਾਰਾ ਟੈਂਡਰ ਮੰਗੇ ਜਾਣੇ। ਇਹ ਵੀ ਫੈਸਲਾ ਹੋਇਆ ਕਿ ਪਿਛਲੇ ਠੇਕੇਦਾਰ ਕੋਲੋਂ ਇਕਰਾਰਨਾਮੇ ਅਨੁਸਾਰ 100% ਲਾਈਟਾਂ ਜਗਦੀਆਂ ਵਾਪਿਸ ਲੈਣ ਲਈ ਕਮੇਟੀਆਂ ਬਣਾਈਆਂ ਜਾਣ ਅਤੇ ਕਮੇਟੀਆਂ ਬਣਾਉਣ ਦੇ ਅਖਤਿਆਰ ਕਮਿਸ਼ਨਰ ਜੀ ਨੂੰ ਦਿੱਤੇ ਜਾਂਦੇ ਹਨ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

13.2.2020

**ਮਤਾ ਨੰਬਰ:-44**

ਵਿਸ਼ਾ:- Stitching of Rap-Kurti Under Swachh Bharat Mission against IEC Grant ਵਿਚੋਂ ਕੰਮ ਕਰਵਾਉਣ ਬਾਰੇ। ਈ-ਟੈਂਡਰ ਪ੍ਰਵਾਨਗੀ ਹਿੱਤ।

ਤਖਮੀਨਾ ਰੁਪਏ: 2,37,500/- ਟੈਂਡਰ ਮੰਗੇ ਰੁਪਏ: 2,37,500/-
ਕੁੱਲ ਪ੍ਰਾਪਤ ਵੈਲਿਡ ਟੈਂਡਰ = 3 (ਪਹਿਲੀ ਬਾਰੀ) ਟੈਂਡਰ ਅਮਾਉਂਟ ਰੁਪਏ: 2,25,102/-
ਸੇਵਿੰਗ 5.22% ਅਜੰਸੀ ਦਾ ਨਾਮ:- ਮੈਸਰਜ਼ ਹਰੀ ਕੰਸਟ੍ਰਕਸ਼ਨ ਕੰਪਨੀ

ਪੜਿਆ ਨੋਟ ਸੁਪਰਡੰਟ ਸਟੋਰ ਜਿਸ ਦੀ ਸੰਯੁਕਤ ਕਮਿਸ਼ਨਰ (ਵ) ਨੇ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਹੈਲਥ ਸ਼ਾਖਾ ਵੱਲੋ ਸਵੱਛ ਭਾਰਤ ਮਿਸ਼ਨ ਦੌਰਾਨ ਸ਼ਹਿਰ ਦੇ ਵੱਖ ਵੱਖ ਵਾਰਡਾਂ ਵਿੱਚ ਕੰਮ ਕਰ ਰਹੇ ਰੈਗ ਕੀਪਰਾ/ਕਰਮਚਾਰੀਆ ਨੂੰ ਵਰਦੀ /ਕੁਰਤੀਆ ਪਾਉਣ ਲਈ ਕਿਹਾ ਜਾ ਰਿਹਾ ਹੈ। ਇਸ ਸਬੰਧ ਵਿੱਚ ਵਿਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਸੀ। ਜਿਹੜਾ ਕਪੜਾ ਨਗਰ ਨਿਗਮ ਦੇ ਜਨਰਲ ਸਟੋਰ ਵਿਚ ਪਿਆ ਹੈ। ਉਸ ਕਪੜੇ ਦੀਆਂ ਰੈਗ ਕੀਪਰਾਂ ਨੂੰ ਕੁਰਤੀਆ ਸਿਲਾਈ ਕਰਵਾ ਕੇ ਦਿੱਤੀਆ ਜਾਣ। ਇਸ ਸਬੰਧ ਵਿੱਚ M/s Kanya Maha Vidyalaya, Jalandhar ਵਲੋ ਕੁਰਤੀਆ ਤਿਆਰ ਕਰਵਾਈਆ ਗਈਆ ਸਨ ਪਰ 500 ਕੁਰਤੀਆ ਹੋਰ ਤਿਆਰ ਕਰਨ ਲਈ 1250 ਮੀਟਰ ਕਪੜੇ ਦੀ ਜਰੂਰਤ ਹੈ, ਪਰ ਜਨਰਲ ਸਟੋਰ ਵਿੱਚ ਹੋਰ ਕਪੜਾ ਉਪਲਬਧ ਨਾ ਹੋਣ ਕਾਰਨ ਇਸ ਕਪੜੇ ਦੀ ਖਰੀਦ ਕਰਨ ਵਾਸਤੇ ਤਖਮੀਨਾ ਰੁਪਏ 2,37,500/- ਦਾ ਤਿਆਰ ਕੀਤਾ ਗਿਆ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 107 ਮਿਤੀ 29-11-19 ਰਾਹੀਂ ਦਿੱਤੀ ਸੀ।

ਪਹਿਲੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਤੋ ਮਿਤੀ 10.01.2020 ਤੱਕ ਮੰਗੇ ਗਏ, ਮਿਥੇ ਸਮੇ ਤੇ ਸੁਸਾਈਟੀਆਂ ਵੱਲੋਂ ਇਸ ਕੰਮ ਦਾ ਟੈਂਡਰ ਨਹੀ ਪਾਇਆ ਗਿਆ ਅਤੇ ਠੇਕੇਦਾਰਾਂ ਕੋਲੋ ਮਿਤੀ 20.01.2020 ਲਈ ਮੰਗੇ ਗਏ ਸਨ, ਕੁੱਲ 3 ਟੈਂਡਰ ਪ੍ਰਾਪਤ ਹੋਏ, ਜਿਹਨਾ ਦੀਆਂ ਤਕਨੀਕੀ ਬਿਡ ਮਿਆਰ ਪਖੋ ਪੂਰੀਆਂ ਸਨ। ਇਸ ਲਈ ਇਹਨਾ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ। ਉਪਰੋਕਤ ਅਜੰਸੀ ਨੇ 5.22% ਦੀ ਸੇਵਿੰਗ ਨਾਲ ਇਹ ਕੰਮ ਤਖਮੀਨਾ ਰੁਪਏ 2,37,500/- ਦੇ ਵਿਰੁੱਧ ਰੁਪਏ 2,25,102/- ਵਿੱਚ ਕਰੇਗੀ। ਸਪਲਾਈ ਕੀਤੇ ਗਏ ਸਮਾਨ ਦੀ ਐਂਟਰੀ ਸਟਾਕ ਰਜਿਸਟਰ ਵਿੱਚ ਦਰਜ ਕੀਤੀ ਜਾਵੇਗੀ।ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ।ਕਮਿਸ਼ਨਰ ਜੀ ਨੇ ਮਿਤੀ 29.1.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 4.2.2020 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹਨ ।

ਫੈਸਲਾ :

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

13.2.2020

**ਮਤਾ ਨੰਬਰ:-45**

ਵਿਸ਼ਾ:- ਵੱਖ-ਵੱਖ ਬ੍ਰਾਂਚਾਂ ਲਈ ਫਰਨੀਚਰ ਦਾ ਸਮਾਨ ਲੈ ਕੇ ਦੇਣ ਸਬੰਧੀ। ਈ-ਟੈਂਡਰ ਪ੍ਰਵਾਨਗੀ ਹਿੱਤ।

ਤਖਮੀਨਾ ਰੁਪਏ: 1,28,600/- ਟੈਂਡਰ ਮੰਗੇ ਰੁਪਏ: 1,28,600/-
ਕੁੱਲ ਪ੍ਰਾਪਤ ਵੈਲਿਡ ਟੈਂਡਰ = 4 (ਪਹਿਲੀ ਬਾਰੀ) ਟੈਂਡਰ ਅਮਾਉਂਟ ਰੁਪਏ: 1,06,107/-
ਸੇਵਿੰਗ 17.49% ਅਜੰਸੀ ਦਾ ਨਾਮ:- ਮੈਸਰਜ਼ ਅਮਿਤ ਟ੍ਰੇਡਰਜ਼ ਜਲੰਧਰ

ਪੜ੍ਹਿਆ ਨੋਟ ਸੁਪਰਡੰਟ ਸਟੋਰ ਜਿਸ ਦੀ ਸੰਯੁਕਤ ਕਮਿਸ਼ਨਰ (ਵ) ਨੇ ਸਿਫਾਰਸ਼ ਕੀਤੀ ਹੈ ਕਿ ਵੱਖ-ਵੱਖ ਬ੍ਰਾਂਚਾਂ ਵੱਲੋਂ ਮੰਗ ਕੀਤੀ ਜਾ ਰਹੀ ਹੈ ਕਿ ਉਹਨਾਂ ਨੂੰ ਕੁਝ ਜਰੂਰੀ ਸਮਾਨ ਲੈ ਕੇ ਦਿੱਤਾ ਜਾਵੇ ਜਿਵੇ ਕਿ ਰਿਵੋਲਵਿੰਗ ਕੁਰਸੀਆਂ, ਵਿਜਟਰ ਕੁਰਸੀਆਂ, ਆਫਿਸ ਟੇਬਲ ਅਤੇ ਅਲਮਾਰੀਆਂ ਖਰੀਦ ਕਰ ਕੇ ਦਿੱਤੀਆਂ ਜਾਣ। ਉਕਤ ਦਰਸ਼ਾਇਆ ਗਿਆ ਸਮਾਨ ਸਟੋਰ ਦੇ ਸਟੋਕ ਰਜਿਸਟਰ ਮੁਤਾਬਿਕ ਸਮਾਨ ਉਪਲਬੱਧ ਨਹੀ ਹੈ ਅਤੇ ਇਸ ਦੀ ਖਰੀਦ ਨਿਯਮਾਂ ਅਨੁਸਾਰ ਕਰਨ ਲਈ ਤਖਮੀਨਾ ਰੁਪਏ 1,28,600/- ਦਾ ਤਿਆਰ ਕੀਤਾ ਗਿਆ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 97(28) ਮਿਤੀ 29-11-19 ਰਾਹੀਂ ਦਿੱਤੀ ਸੀ।

ਪਹਿਲੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਤੋ ਮਿਤੀ 10.01.2020 ਤੱਕ ਮੰਗੇ ਗਏ, ਮਿਥੇ ਸਮੇ ਤੇ ਸੁਸਾਈਟੀਆਂ ਵੱਲੋਂ ਇਸ ਕੰਮ ਦਾ ਟੈਂਡਰ ਨਹੀ ਪਾਇਆ ਗਿਆ ਅਤੇ ਠੇਕੇਦਾਰਾਂ ਕੋਲੋ ਮਿਤੀ 20.01.2020 ਲਈ ਮੰਗੇ ਗਏ ਸਨ, ਕੁੱਲ 4 ਟੈਂਡਰ ਪ੍ਰਾਪਤ ਹੋਏ, ਜਿਹਨਾ ਦੀਆਂ ਤਕਨੀਕੀ ਬਿਡ ਮਿਆਰ ਪਖੋ ਪੂਰੀਆਂ ਸਨ। ਇਸ ਲਈ ਇਹਨਾ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ। ਉਪਰੋਕਤ ਅਜੰਸੀ ਨੇ 17.49% ਦੀ ਸੇਵਿੰਗ ਨਾਲ ਇਹ ਕੰਮ ਤਖਮੀਨਾ ਰੁਪਏ 1,28,600/- ਦੇ ਵਿਰੁੱਧ ਰੁਪਏ 1,06,107/- ਵਿੱਚ ਕਰੇਗੀ। ਸਪਲਾਈ ਕੀਤੇ ਗਏ ਸਮਾਨ ਦੀ ਐਂਟਰੀ ਸਟਾਕ ਰਜਿਸਟਰ ਵਿੱਚ ਦਰਜ ਕੀਤੀ ਜਾਵੇਗੀ।ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਕਮਿਸ਼ਨਰ ਜੀ ਨੇ ਮਿਤੀ 29.1.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 4.2.2020 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹਨ ।

ਫੈਸਲਾ :

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

13.2.2020